# LEP SHEET–1 (ਗਿਆਰ੍ਹਵੀਂ, ਲਾਜ਼ਮੀ ਪੰਜਾਬੀ)

**ਵਸਤੂਨਿਸ਼ਠ ਪ੍ਰਸ਼ਨ**

**ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:**

1. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕੀ ਕਹਿੰਦੀ ਹੈ?
2. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕੀਹਨੂੰ-ਕੀਹਨੂੰ ਸੰਬੋਧਨ ਕਰਦੀ ਹੈ?
3. 'ਬੇਟੀ, ਚੰਨਣ ਦੇ ਓਹਲੇ' ਲੋਕ-ਗੀਤ ਵਿੱਚ ਧੀ ਆਪਣੇ ਲਈ ਕਿਹੋ-ਜਿਹਾ ਵਰ ਚਾਹੁੰਦੀ ਹੈ?
4. 'ਬੇਟੀ, ਚੰਨਣ ਦੇ ਓਹਲੇ' ਲੋਕ-ਗੀਤ ਵਿੱਚ ਕਿਹੜੀਆਂ ਦੋ ਧਿਰਾਂ ਵਿੱਚਕਾਰ ਵਾਰਤਾਲਾਪ ਹੁੰਦੀ ਹੈ?
5. 'ਦੇਈਂ-ਦੇਈਂ ਵੇ ਬਾਬਲਾ' ਨਾਂ ਦੇ ਸੁਹਾਗ ਵਿੱਚ ਇੱਕ ਕੁੜੀ ਕਿਹੋ-ਜਿਹੀ ਸੱਸ ਚਾਹੁੰਦੀ ਹੈ?
6. 'ਅੱਸੂ ਦਾ ਕਾਜ ਰਚਾ' ਲੋਕ-ਗੀਤ ਵਿੱਚ ਕਿਸ ਮਹੀਨੇ ਤੇ ਜ਼ੋਰ ਦਿੱਤਾ ਗਿਆ ਹੈ?
7. 'ਹਰੀਏ ਨੀ ਰਸ ਭਰੀਏ ਖਜੂਰੇ' ਲੋਕ-ਗੀਤ ਵਿੱਚ 'ਹਰੀ ਰਸ ਭਰੀ ਖਜੂਰ' ਕਿਸ ਨੂੰ ਕਿਹਾ ਗਿਆ ਹੈ?
8. 'ਹਰੀਏ ਨੀ ਰਸ ਭਰੀਏ ਖਜੂਰੇ' ਵਿੱਚ ਕੁੜੀ ਦੇ ਕਿਹੜੇ-ਕਿਹੜੇ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ?
9. 'ਨਿਵੇ ਪਹਾੜਾਂ ਤੇ ਪਰਬਤ' ਸੁਹਾਗ ਵਿੱਚ ਕੁੜੀ ਦੇ ਵਿਆਹ ਸਮੇਂ ਕਿਸ ਨੂੰ ਨਿਉਂਦੇ ਵਿਖਾਇਆ ਗਿਆ ਹੈ?
10. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਧੀ ਆਪਣੇ ਬਾਬਲ ਦੇ ਘਰ ਨੂੰ ਕੀ ਕਹਿ ਕੇ ਵਡਿਆਉਂਦੀ ਹੈ?
11. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਕਹਿੰਦਾ ਹੈ, 'ਧੀਏ ਘਰ ਜਾ ਆਪਣੇ' ਅਤੇ ਧੀ ਕਹਿੰਦੀ ਹੈ, 'ਬਾਬਲ ਕਿਹੜੇ ਦੇਸ ਜਾਣਾ'। ਇਸ ਸੁਹਾਗ ਵਿੱਚ ਦੱਸੇ ਗਏ ਇਹਨਾਂ ਦੇ ਸੰਸਕਾਰਾਂ ਬਾਰੇ ਨੋਟ ਲਿਖੋ।
12. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਕਿਹੜੇ ਘਰ ਦੀ ਗੱਲ ਕਰਦਾ ਹੈ?
13. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਕਸੀਦਾ ਕੌਣ ਕੱਢ ਰਹੀ ਹੈ?
14. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਕਿਹੜੇ-ਕਿਹੜੇ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ?
15. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਵਿੱਚ ਕੌਣ ਪਰਦੇਸਣ ਹੋ ਰਹੀ ਹੈ?
16. 'ਸਿੱਠਣੀਆਂ' ਕਿਹੜੇ ਮੌਕੇ ਉੱਤੇ ਦਿੱਤੀਆਂ ਜਾਂਦੀਆਂ ਹਨ?
17. 'ਸਿੱਠਣੀਆਂ' ਵਿੱਚ ਮਜ਼ਾਕ ਦਾ ਪਾਤਰ ਕੌਣ-ਕੌਣ ਬਣਦਾ ਹੈ?
18. 'ਸਿੱਠਣੀਆਂ' ਕਿਸ ਵੱਲੋਂ ਅਤੇ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?
19. ਪਾਠ ਪੁਸਤਕ ਵਿੱਚਲੀਆਂ ਸਿੱਠਣੀਆਂ ਵਿੱਚ ਕਿਹੜੇ-ਕਿਹੜੇ ਪ੍ਰਕਿਰਤਿਕ ਹਵਾਲੇ ਮਿਲ਼ਦੇ ਹਨ?
20. 'ਸਾਡੇ ਪਿੰਡ ਦੇ ਮੁੰਡੇ ਵੇਖ ਲਓ' ਬੋਲੀ ਵਿੱਚ ਪਿੰਡ ਦੇ ਮੁੰਡਿਆਂ ਦੀ ਸਰੀਰਿਕ ਪੱਖੋਂ ਕਿਸ ਨਾਲ਼ ਤੁਲਨਾ ਕੀਤੀ ਗਈ ਹੈ।
21. 'ਸਾਡੇ ਪਿੰਡ ਦੇ ਮੁੰਡੇ ਵੇਖ ਲਓ' ਬੋਲੀ ਵਿੱਚ ਪਿੰਡ ਦੇ ਮੁੰਡੇ ਕਿਸ ਤਰ੍ਹਾਂ ਦੇ ਚਾਦਰੇ ਬੰਨ੍ਹਦੇ ਹਨ?
22. 'ਪਿੰਡ ਤਾਂ ਸਾਡੇ' ਬੋਲੀ ਅਨੁਸਾਰ ਰਚਨਹਾਰ ਕੀ ਪੜ੍ਹਦਾ ਹੁੰਦਾ ਸੀ?
23. 'ਪਿੰਡ ਤਾਂ ਸਾਡੇ' ਬੋਲੀ ਵਿੱਚ ਰਚਨਹਾਰ ਨੂੰ ਕਿਹੜਾ ਸ਼ੌਕ ਪੈ ਗਿਆ ਸੀ?
24. 'ਪਿੰਡਾਂ ਵਿੱਚੋਂ ਪਿੰਡ ਸੁਣੀਂਦਾ' ਬੋਲੀ ਵਿੱਚ ਭਰਪੂਰ ਫ਼ਸਲ ਲੈਣ ਲਈ ਕੌਣ-ਕੌਣ ਉਤਸ਼ਾਹ ਨਾਲ਼ ਕੰਮ ਕਰਦੇ ਹਨ?
25. 'ਕਾਲਿਆ ਹਰਨਾ' ਬੋਲੀ ਵਿੱਚ ਕਾਲ਼ੇ ਹਰਨ ਦੇ ਪੈਰਾਂ ਵਿੱਚ ਕੀ ਪਾਇਆ ਹੋਇਆ ਹੈ?
26. 'ਕਾਲਿਆ ਹਰਨਾ' ਬੋਲੀ ਵਿੱਚ ਪ੍ਰਕਿਰਤੀ ਦੀਆਂ ਕਿਹੜੀਆਂ ਝਲਕਾਂ ਮਿਲ਼ਦੀਆਂ ਹਨ?
27. 'ਸੁਣ ਨੀ ਕੁੜੀਏ' ਬੋਲੀ ਵਿੱਚਲੀ ਤੁਕ 'ਤੇਰਾ ਪੁੰਨਿਆ ਤੋਂ ਰੂਪ ਸਵਾਇਆ' ਤੋਂ ਕੀ ਭਾਵ ਹੈ?
28. 'ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ' ਬੋਲੀ ਵਿੱਚ ਵਕਤਾ ਕੌਣ ਹੈ?
29. 'ਦੇਸੇ ਮੇਰੇ ਦੇ ਬਾਂਕੇ ਗੱਭਰੂ' ਬੋਲੀ ਵਿੱਚ ਪੰਜਾਬ ਬਾਰੇ ਕੀ ਸ਼ੁੱਭ-ਕਾਮਨਾ ਪ੍ਰਗਟ ਕੀਤੀ ਗਈ ਹੈ?
30. 'ਤਾਰਾਂ-ਤਾਰਾਂ-ਤਾਰਾਂ' ਬੋਲੀ ਵਿੱਚ ਕਿਸ-ਕਿਸ ਚੀਜ਼ ਦਾ ਜ਼ਿਕਰ ਆਇਆ ਹੈ?
31. ਬੁਝਾਰਤ ਤੋਂ ਕੀ ਭਾਵ ਹੈ?
32. ਬੁਝਾਰਤਾਂ ਦੀਆਂ ਮੂਲ ਕਿਸਮਾਂ ਕਿਹੜੀਆਂ-2 ਹਨ?
33. ਬੁਝਾਰਤਾਂ ਬੁਝਣ ਅਤੇ ਪੁੱਛਣ ਦਾ ਸਮਾਂ ਕਿਹੜਾ ਹੁੰਦਾ ਹੈ?
34. ਪ੍ਰਹਿਲਾਦ ਭਗਤ ਕਿਸ ਦਾ ਪ੍ਰਤੀਕ ਹੈ?
35. ਹਰਨਾਖਸ਼ ਨੇ ਕਿਹੜਾ ਵਰ ਪ੍ਰਾਪਤ ਕੀਤਾ ਸੀ?
36. ਹਰਨਾਖਸ਼ ਆਪਣੇ ਪੁੱਤਰ ਪ੍ਰਹਿਲਾਦ ਉੱਤੇ ਖਫ਼ਾ ਕਿਉਂ ਹੁੰਦਾ ਸੀ?

37. ਪ੍ਰਹਿਲਾਦ ਦੀ ਭੂਆ ਹੋਲਿਕਾ ਨੂੰ ਕਿਹੜਾ ਵਰ ਮਿਲ਼ਿਆ ਸੀ?
38. ਪ੍ਰਹਿਲਾਦ ਦੀ ਭੂਆ ਹੋਲਿਕਾ ਨੇ ਇਸ ਵਰ ਦੀ ਮੰਦੀ ਵਰਤੋਂ ਕਿਵੇਂ ਕਰਨੀ ਚਾਹੀ ਸੀ?
39. ਹਰਨਾਖਸ਼ ਦਾ ਅੰਤ ਕਿਸ ਨੇ ਕੀਤਾ?
40. ਨਰ ਸਿੰਘ ਕਿਵੇਂ ਪੈਦਾ ਹੋਇਆ?
41. ਕਿਹੜੀਆਂ ਕਥਾ-ਕਹਾਣੀਆਂ ਵਿੱਚ ਕਲਪਨਾ-ਜਗਤ ਉਸਾਰਿਆ ਗਿਆ ਹੁੰਦਾ ਹੈ?
42. ਨਲ ਤੇ ਦਮਿਅੰਤੀ ਵਿੱਚ ਕਿਹੜੇ-ਕਿਹੜੇ ਗੁਣ ਸਨ?
43. ਨਲ ਤੇ ਦਮਿਅੰਤੀ ਇੱਕ-ਦੂਜੇ ਤੋਂ ਕਿਵੇਂ ਵਿੱਚੜਦੇ ਹਨ?
44. ਨਲ ਨਾਲ਼ ਵਿੱਚੜਨ ਤੋਂ ਬਾਅਦ ਦਮਿਅੰਤੀ ਨਾਲ਼ ਕਿਹੜੀ ਘਟਨਾ ਵਾਪਰਦੀ ਹੈ?
45. ਨਲ ਤੇ ਦਮਿਅੰਤੀ ਦਾ ਵਿਆਹ ਕਿਵੇਂ ਹੁੰਦਾ ਹੈ?
46. ਨਲ ਆਪਣਾ ਰਾਜ-ਭਾਗ ਜੂਏ ਵਿੱਚ ਕਿਸ ਨੂੰ ਹਾਰ ਜਾਂਦਾ ਹੈ?
47. ਨਲ ਨੇ ਜੂਆ ਖੇਡਣ ਦੀ ਕਲਾ ਕਿਸ ਤੋਂ ਸਿੱਖੀ ਸੀ?
48. ਮੀਰਜ਼ਾਦਾ ਪਰੀਆਂ ਦੇ ਦੇਸ ਕਿਵੇਂ ਪਹੁੰਚਦਾ ਹੈ?
49. ਮੀਰਜ਼ਾਦੇ ਨੇ ਹੰਸ-ਹੰਸਣੀ ਲਈ ਕੀ ਉਪਕਾਰ ਕੀਤਾ?
50. ਮੀਰਜ਼ਾਦੇ ਨੂੰ ਸਬਜ਼-ਪਰੀ ਪਹਿਲੀ ਵਾਰ ਕਿੱਥੇ ਮਿਲ਼ੀ ਸੀ?
51. ਸਬਜ਼-ਪਰੀ ਨੂੰ ਖੂਹ ਵਿੱਚ ਧੱਕਾ ਕਿਸ ਨੇ ਦਿੱਤਾ ਸੀ?
52. ਸੁਦਾਗਰ ਦੀ ਪਤਨੀ ਨੇ ਸੁਦਾਗਰ ਨੂੰ ਕਿਹੜੇ ਰੰਗ ਦਾ ਫੁੱਲ ਕੁੱਜੇ ਵਿੱਚ ਪਾ ਕੇ ਦਿੱਤਾ?
53. ਵਜ਼ੀਰ ਨੇ ਸੁਦਾਗਰ ਨੂੰ ਰਾਜੇ ਲਈ ਕਿਹੜੀ ਚੀਜ਼ ਲਿਆਉਣ ਲਈ ਕਿਹਾ?
54. ਨੀਤੀਆਂ, ਚਾਲਾਂ ਅਤੇ ਜੁਗਤਾਂ ਸਮਝਾਉਣ ਲਈ ਕਿਹੜੀਆਂ ਕਥਾਵਾਂ ਹੋਂਦ ਵਿੱਚ ਆਈਆਂ?
55. ਲਾਲਚੀ ਬੰਦੇ ਨੇ ਸਾਧੂ-ਸੰਤਾਂ ਦੀ ਸੇਵਾ ਕਿਹੜੇ ਲਾਲਚ ਕਰਕੇ ਕੀਤੀ ਸੀ?
56. ਲਾਲਚੀ ਬੰਦੇ ਨੂੰ ਸਾਧੂ ਨੇ ਕਿੰਨੇ ਦੀਵੇ ਦਿੱਤੇ?
57. ਲਾਲਚੀ ਬੰਦਾ ਚੌਥਾਂ ਦੀਵਾ ਬਾਲ਼ ਕੇ ਕਿਸ ਦਿਸ਼ਾ ਵੱਲ ਨੂੰ ਗਿਆ?
58. ਲਾਲਚੀ ਬੰਦੇ ਤੋਂ ਪਹਿਲਾਂ ਕੌਣ ਚੱਕੀ ਚਲਾ ਰਿਹਾ ਸੀ?
59. ਇਤਿਹਾਸ ਅਤੇ ਗਲਪ ਦਾ ਸੁਮੇਲ ਕਿਹੜੀਆਂ ਕਥਾਵਾਂ ਵਿੱਚ ਮਿਲ਼ਦਾ ਹੈ?
60. ਰਾਜਾ ਸਲਵਾਨ ਨੇ ਪੂਰਨ ਨੂੰ ਭੋਰੇ ਵਿੱਚ ਰੱਖਣ ਦਾ ਹੁਕਮ ਕਿਉਂ ਦਿੱਤਾ?
61. ਪੂਰਨ ਭਗਤ ਦੀ ਮਤਰੇਈ ਮਾਂ ਦਾ ਕੀ ਨਾਂ ਸੀ?
62. ਪੂਰਨ ਭਗਤ ਨੇ ਕਿਸ ਜੋਗੀ ਤੋਂ ਜੋਗ ਧਾਰਿਆ?
63. ਸੁੰਦਰਾਂ ਕੌਣ ਸੀ।
64. ਰਾਜਾ ਰਸਾਲੂ ਦੇ ਜੀਵਨ-ਸੰਘਰਸ਼ ਵਿੱਚ ਕੌਣ-ਕੌਣ ਸਾਥੀ ਬਣੇ ਰਹੇ?
65. ਰਾਜਾ ਰਸਾਲੂ ਕਿਸ ਤਰ੍ਹਾਂ ਦੀ ਤਬੀਅਤ ਦਾ ਮਾਲਕ ਸੀ?
66. ਰਾਜਾ ਰਸਾਲੂ ਨੇ ਰਾਜੇ ਸਿਰਕੱਪ ਨੂੰ ਕਿਸ ਖੇਡ ਵਿੱਚ ਹਰਾਇਆ?
67. ਕੋਕਲਾਂ ਕੌਣ ਸੀ?
68. ਕੋਕਲਾਂ ਦੇ ਜੀਵਨ ਦਾ ਅੰਤ ਕਿਵੇਂ ਹੋਇਆ?
69. ਦੁੱਲਾ-ਭੱਟੀ ਕਿੱਥੋਂ ਦਾ ਜੰਮਪਲ ਸੀ?
70. ਕਿਹੜੇ ਤਿਉਹਾਰ ਉੱਤੇ ਦੁੱਲੇ-ਭੱਟੀ ਨਾਲ਼ ਸੰਬੰਧਿਤ ਗੀਤ ਗਾਇਆ ਜਾਂਦਾ ਹੈ?
71. ਦੁੱਲੇ ਦੇ ਪਿਓ-ਦਾਦੇ ਨੂੰ ਕਿਸ ਮੁਗ਼ਲ ਨੇ ਮਰਵਾਇਆ ਸੀ?
72. ਰਾਂਝਾ ਕੌਣ ਸੀ?
73. ਹੀਰ ਨੇ ਰਾਂਝੇ ਨੂੰ ਛਮਕਾਂ ਕਿਉਂ ਮਾਰੀਆਂ?
74. ਹੀਰ ਦੇ ਪਤੀ ਦਾ ਕੀ ਨਾਂ ਸੀ?
75. ਕਾਜ਼ੀ ਨੇ ਫ਼ੈਸਲਾ ਕਿਸ ਦੇ ਹੱਕ ਵਿੱਚ ਕੀਤਾ?
76. ਮਿਰਜ਼ਾ ਕਿਹੜੇ ਪਿੰਡ ਦਾ ਰਹਿਣ ਵਾਲ਼ਾ ਸੀ?
77. ਸਾਹਿਬਾਂ ਕੌਣ ਸੀ?
78. ਮਿਰਜ਼ੇ ਦਾ ਸਾਹਿਬਾਂ ਨਾਲ਼ ਮੇਲ਼ ਕਿੱਥੇ ਹੋਇਆ?

79. ਮਿਰਜ਼ਾ ਕਿੱਥੇ ਮਾਰਿਆ ਗਿਆ?
80. 'Approximate' ਦਾ ਪੰਜਾਬੀ ਅਨੁਵਾਦ ਲਿਖੋ।
81. 'Additional' ਦਾ ਪੰਜਾਬੀ ਅਨੁਵਾਦ ਲਿਖੋ।
82. 'Capital' ਦਾ ਪੰਜਾਬੀ ਅਨੁਵਾਦ ਲਿਖੋ।
83. 'Confidential' ਦਾ ਪੰਜਾਬੀ ਅਨੁਵਾਦ ਲਿਖੋ।
84. 'Desirable' ਦਾ ਪੰਜਾਬੀ ਅਨੁਵਾਦ ਲਿਖੋ।
85. 'Honorarium' ਦਾ ਪੰਜਾਬੀ ਅਨੁਵਾਦ ਲਿਖੋ।
86. 'Irregularity' ਦਾ ਪੰਜਾਬੀ ਅਨੁਵਾਦ ਲਿਖੋ।
87. 'Memorandum' ਦਾ ਪੰਜਾਬੀ ਅਨੁਵਾਦ ਲਿਖੋ।
88. 'Nominated' ਦਾ ਪੰਜਾਬੀ ਅਨੁਵਾਦ ਲਿਖੋ।
89. 'Probation' ਦਾ ਪੰਜਾਬੀ ਅਨੁਵਾਦ ਲਿਖੋ।
90. 'Reminder' ਦਾ ਪੰਜਾਬੀ ਅਨੁਵਾਦ ਲਿਖੋ।
91. 'Suspension' ਦਾ ਪੰਜਾਬੀ ਅਨੁਵਾਦ ਲਿਖੋ।
92. 'Top priority' ਦਾ ਪੰਜਾਬੀ ਅਨੁਵਾਦ ਲਿਖੋ।
93. 'Urgent' ਦਾ ਪੰਜਾਬੀ ਅਨੁਵਾਦ ਲਿਖੋ।
94. 'Write off' ਦਾ ਪੰਜਾਬੀ ਅਨੁਵਾਦ ਲਿਖੋ।
95. 'Yours Faithfully' ਦਾ ਪੰਜਾਬੀ ਅਨੁਵਾਦ ਲਿਖੋ।

**ਹੇਠ ਲਿਖੇ ਵਾਕਾਂ ਨੂੰ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਕਰੋ।**

1. It is for office use only.
2. Please check your bank balance before you issue a cheque.
3. Always keep your passport and cheque book under proper custody.
4. Beware of pick-pockets.
5. Railway is a public property help to maintain it.
6. A proper queue helps early disposal.
7. Smoking is injurious to health.
8. In case of emergency pull chain.
9. The address on the letter must be legible.
10. No enclosure allowed in the inland letter.
11. Everyone should have an insurance in his life.
12. Nowadays vehicle insurance is also necessary.
13. Central processing unit is the brain of the computer.
14. Always shut down computer properly.
15. Super computer is a very powerful computer.

**ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਦੀ ਚੋਣ ਕਰੋ:**

**1. ਵਿਆਹ ਦੇ ਦਿਨਾਂ ਵਿੱਚ ਕੁੜੀ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਣ ਵਾਲ਼ੇ ਲੋਕ-ਗੀਤਾਂ ਨੂੰ ਕੀ ਕਿਹਾ ਜਾਂਦਾ ਹੈ?**

ੳ. ਸੁਹਾਗ ਅ. ਘੋੜੀਆਂ
ੲ. ਟੱਪੇ ਸ. ਸਿੱਠਣੀਆਂ

**2. ਕੁੜੀ ਦੇ ਵਿਆਹ ਦਾ ਨਿਰਣਾ ਕੌਣ ਕਰਦਾ ਹੈ?**

ੳ. ਬਾਬਲ ਅ. ਮਾਂ
ੲ. ਚਾਚਾ ਸ. ਮਾਮਾ

**3. ਬਹੁਤੇ ਸੁਹਾਗ ਧੀ ਵੱਲੋਂ ਕਿਸ ਨੂੰ ਸੰਬੋਧਿਤ ਹੁੰਦੇ ਹਨ?**

ੳ. ਬਾਬਲ ਨੂੰ ਅ. ਮਾਂ ਨੂੰ
ੲ. ਚਾਚੇ ਨੂੰ ਸ. ਮਾਮੇ ਨੂੰ

**4. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਕਿਸ ਦੇ ਮਨੋ-ਭਾਵ ਅੰਕਿਤ ਹਨ?**

ੳ. ਮੁਟਿਆਰ ਹੋਈ ਧੀ ਦੇ ਅ. ਮਾਂ ਦੇ
ੲ. ਬਾਬਲ ਦੇ ਸ. ਭਾਬੋ ਦੇ

**5. 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕਿਸ ਗੱਲ ਲਈ ਤਰਲਾ ਕਰ ਰਹੀ ਹੈ?**

ੳ. ਵਿਆਹ ਲਈ ਅ. ਵਿਆਹ ਨਾ ਕਰਨ ਲਈ
ੲ. ਮੇਲੇ ਜਾਣ ਲਈ ਸ. ਉਪਰੋਕਤ ਵਿੱਚੋਂ ਕੋਈ ਨਹੀਂ

**6. ਧੀ ਆਪਣੇ ਲਈ ਕਿਹੋ-ਜਿਹਾ ਵਰ ਚਾਹੁੰਦੀ ਹੈ?**

ੳ. ਕ੍ਰਿਸ਼ਨ ਕਨੱਈਏ ਵਰਗਾ ਅ. ਰਾਮ ਵਰਗਾ
ੲ. ਅਰਜਨ ਵਰਗਾ ਸ. ਯੁਧਿਸ਼ਟਰ ਵਰਗਾ

**7. 'ਬੇਟੀ, ਚੰਨਣ ਦੇ ਓਹਲੇ' ਸੁਹਾਗ ਵਿੱਚ ਕਿਹੜੀਆਂ ਧਿਰਾਂ ਵਿੱਚ ਵਾਰਤਾਲਾਪ ਹੁੰਦੀ ਹੈ?**

ੳ. ਬਾਬਲ ਅਤੇ ਧੀ ਵਿੱਚਕਾਰ ਅ. ਮਾਂ ਤੇ ਧੀ ਵਿੱਚਕਾਰ
ੲ. ਚਾਚੇ ਤੇ ਭਤੀਜੀ ਵਿੱਚਕਾਰ ਸ. ਮਾਮੇ ਤੇ ਭਾਣਜੀ ਵਿੱਚਕਾਰ

**8. 'ਦੇਈਂ ਦੇਈਂ ਵੇ ਬਾਬਲਾ' ਲੋਕ-ਗੀਤ ਦੀ ਕਿਹੜੀ ਵੰਨਗੀ ਹੈ?**

ੳ. ਘੋੜੀਆਂ ਅ. ਸੁਹਾਗ
ੲ. ਸਿੱਠਣੀਆਂ ਸ. ਟੱਪਾ

**9. ਬੇਟੀ ਬਾਬਲ ਨੂੰ ਕਿਹੜੇ ਮਹੀਨੇ ਵਿੱਚ ਵਿਆਹ ਕਰਨ ਲਈ ਕਹਿੰਦੀ ਹੈ?**

ੳ. ਸਾਉਣ ਅ. ਭਾਦਰੋਂ
ੲ. ਅੱਸੂ ਸ. ਕੱਤਕ

**10. 'ਹਰੀਏ ਨੀ ਰਸ. ਭਰੀਏ ਖਜੂਰੇ' ਸੁਹਾਗ ਵਿੱਚ 'ਰਸ ਭਰੀਏ ਖਜੂਰੇ' ਸ਼ਬਦ ਕਿਸ ਲਈ ਵਰਤਿਆ ਗਿਆ ਹੈ?**

ੳ. ਵਿਆਹ ਵਾਲ਼ੀ ਕੁੜੀ ਲਈ ਅ. ਖਜੂਰ ਲਈ
ੲ. ਸੁਹਾਗ ਲਈ ਸ. ਫਲ਼ ਲਈ

**11. ਧੀ ਦੇ ਵਿਆਹ ਸਮੇਂ ਕੌਣ ਨਿਵਦਾ ਦਿਖਾਇਆ ਗਿਆ ਹੈ?**

ੳ. ਵਿਹੜਾ ਅ. ਬਾਬਲ
ੲ. ਭਰਾ ਸ. ਘਰ

**12. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਕਿਸ ਨੂੰ ਸੰਬੋਧਿਤ ਹੈ?**

ੳ. ਬਾਬਲ ਨੂੰ ਅ. ਮਾਂ ਨੂੰ
ੲ. ਚਾਚੇ ਨੂੰ ਸ. ਮਾਮੇ ਨੂੰ

**13. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਬਾਗ਼ ਵਿੱਚੋਂ ਕੀ ਪੁਟਵਾਉਣ ਦੀ ਗੱਲ ਕਰਦਾ ਹੈ?**

ੳ. ਇੱਟ ਅ. ਅੰਬ
ੲ. ਟਾਹਲੀ ਸ. ਕਿੱਕਰ

**14. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਧੀ ਕੀ ਕੱਢ ਰਹੀ ਹੈ?**

ੳ. ਰੁਮਾਲ ਅ. ਕਸੀਦਾ
ੲ. ਫੁਲਕਾਰੀ ਸ. ਬਾਗ਼

**15. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਪਰਦੇਸਣ ਕੌਣ ਹੋ ਰਹੀ ਹੈ?**

ੳ. ਧੀ ਅ. ਮਾਂ
ੲ. ਮਾਲਣ ਸ. ਉਪਰੋਕਤ ਵਿੱਚੋਂ ਕੋਈ ਨਹੀਂ

**16. 'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ' ਸੁਹਾਗ ਵਿੱਚ ਆਉਂਦੇ ਜਾਂਦੇ ਰਾਹੀ ਧੀ ਤੋਂ ਕੀ ਪੁੱਛਦੇ ਹਨ?**

ੳ. ਰਸਤਾ ਅ. ਪਿੰਡ
ੲ. ਧੀ ਦੇ ਰੋਣ ਦਾ ਕਾਰਨ ਸ. ਪ੍ਰਸ਼ਨ

**17. ਮੁੰਡੇ ਦੇ ਘਰ ਵਿਆਹ ਵੇਲ਼ੇ ਇਸਤਰੀਆਂ ਵੱਲੋਂ ਗਾਏ ਜਾਂਦੇ ਲੋਕ-ਗੀਤਾਂ ਨੂੰ ਕੀ ਕਿਹਾ ਜਾਂਦਾ ਹੈ?**

ੳ. ਸੁਹਾਗ | ਅ. ਘੋੜੀਆਂ
ੲ. ਢੋਲੇ | ਸ. ਮਾਹੀਆ

**18. 'ਹਰਿਆ ਨੀ ਮਾਲਣ' ਘੋੜੀ ਅਨੁਸਾਰ ਕਿਹੜਾ ਦਿਨ ਭਾਗਾਂ ਭਰਿਆ ਹੈ?**

ੳ. ਕੁੜੀ ਦੇ ਵਿਆਹ ਦਾ | ਅ. ਮੁੰਡੇ ਦੇ ਵਿਆਹ ਦਾ
ੲ. ਕੁੜੀ ਦੇ ਜਨਮ ਦਾ | ਸ. ਮੁੰਡੇ ਦੇ ਜਨਮ ਦਾ

**19. 'ਹਰਿਆ ਨੀ ਮਾਲਣ' ਘੋੜੀ ਵਿੱਚ ਮੁੰਡੇ ਦੇ ਜਨਮ ਵੇਲ਼ੇ ਪੰਜ ਰੁਪਏ ਕਿਨ੍ਹਾਂ ਨੂੰ ਦਿੱਤੇ ਗਏ?**

ੳ. ਦਾਈਆਂ ਅਤੇ ਮਾਇਆ ਨੂੰ | ਅ. ਸਕੀਆਂ ਭੈਣਾਂ ਨੂੰ
ੲ. ਗੁਆਂਢਣਾਂ ਨੂੰ | ਸ. ਲਾਗਣਾਂ ਨੂੰ

**20. 'ਹਰਿਆ ਨੀ ਮਾਲਣ' ਘੋੜੀ ਵਿੱਚ ਆਏ ਸ਼ਬਦ 'ਸਬਜ਼' ਤੋਂ ਕੀ ਭਾਵ ਹੈ?**

ੳ. ਪਰੀ | ਅ. ਪੀਲ਼ਾ
ੲ. ਹਰਾ | ਸ. ਨੀਲਾ

**21. 'ਹਰਿਆ ਨੀਂ ਮਾਲਣ' ਘੋੜੀ ਅਨੁਸਾਰ ਵਿਆਹੇ ਜਾਣ ਵਾਲ਼ੇ ਮੁੰਡੇ ਲਈ ਸਿਹਰਾ ਕੌਣ ਲੈ ਕੇ ਆਈ?**

ੳ. ਭੈਣ | ਅ. ਮਾਲਣ
ੲ. ਲਾਗਣ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**22. 'ਹਰਿਆ ਨੀ ਮਾਲਣ' ਘੋੜੀ ਅਨੁਸਾਰ ਸਿਹਰਾ ਚੰਬੇ ਦੇ ਕਿੰਨੇ ਫੁੱਲਾਂ ਨਾਲ਼ ਗੁੰਦਿਆ ਹੋਇਆ ਹੈ?**

ੳ. ਤਿੰਨ ਲੱਖ | ਅ. ਡੇਢ ਲੱਖ
ੲ. ਦੋ ਲੱਖ | ਸ. ਇੱਕ ਲੱਖ

**23. 'ਹਰਿਆ ਨੀ ਮਾਲਣ' ਘੋੜੀ ਵਿੱਚ ਮੁੰਡੇ ਦੇ ਜਨਮ ਵੇਲ਼ੇ ਪੱਟ ਦੇ ਤੇਵਰ ਕਿਨ੍ਹਾਂ ਨੂੰ ਦਿੱਤੇ ਗਏ?**

ੳ. ਦਾਈਆਂ ਅਤੇ ਮਾਈਆਂ ਨੂੰ | ਅ. ਸਕੀਆਂ ਭੈਣਾਂ ਨੂੰ
ੲ. ਗੁਆਂਢਣਾਂ ਨੂੰ | ਸ. ਲਾਗਣਾਂ ਨੂੰ

**24. 'ਹਰਿਆ ਨੀ ਮਾਲਣ' ਘੋੜੀ ਅਨੁਸਾਰ ਸਿਹਰੇ ਦਾ ਮੁੱਲ ਕਿੰਨਾ ਰੱਖਿਆ ਗਿਆ ਹੈ?**

ੳ. ਤਿੰਨ ਲੱਖ | ਅ. ਡੇਢ ਲੱਖ
ੲ. ਦੋ ਲੱਖ | ਸ. ਇੱਕ ਲੱਖ

**25. 'ਹਰਿਆ ਨੀ ਮਾਲਣ' ਘੋੜੀ ਅਨੁਸਾਰ ਸਿਹਰੇ ਦਾ ਮੁੱਲ ਕਰਨ ਲਈ ਕੌਣ ਕਹਿ ਰਿਹਾ ਹੈ?**

ੳ. ਭੈਣ | ਅ. ਚਾਚੀ
ੲ. ਮਾਸੀ | ਸ. ਮਾਂ

**26. 'ਹਰਿਆ ਨੀ ਮਾਲਣ' ਘੋੜੀ ਵਿੱਚ ਵਿਆਹ ਵਾਲ਼ੇ ਘਰ ਵਿੱਚ ਕਿਹੋ-ਜਿਹੀਆਂ ਕਨਾਤਾਂ ਲੱਗੀਆਂ ਹੋਈਆਂ ਸਨ?**

ੳ. ਲੰਮੀਆਂ | ਅ. ਰੱਤੀਆਂ
ੲ. ਸਬਜ਼ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**27. 'ਹਰਿਆ ਨੀ ਮਾਲਣ' ਘੋੜੀ ਵਿੱਚ ਆਇਆ ਸ਼ਬਦ 'ਲਾਲ ਜੀ' ਕਿਸ ਲਈ ਵਰਤਿਆ ਗਿਆ ਹੈ?**

ੳ. ਵਿਆਹੇ ਜਾਣ ਵਾਲ਼ੇ ਮੁੰਡੇ ਲਈ | ਅ. ਪਿਤਾ ਲਈ
ੲ. ਦਾਦੇ ਲਈ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**28. 'ਹਰਿਆ ਨੀ ਮਾਲਣ' ਘੋੜੀ ਅਨੁਸਾਰ ਵਿਆਹੇ ਜਾਣ ਵਾਲ਼ੇ ਮੁੰਡੇ ਨੂੰ ਜੰਮਦਿਆਂ ਕਿਸ ਚੀਜ਼ ਵਿੱਚ ਲਪੇਟਿਆ ਗਿਆ ਸੀ?**

ੳ. ਮਲਮਲ ਦੇ ਕੱਪੜੇ ਵਿੱਚ | ਅ. ਰੇਸ਼ਮ ਦੇ ਕੱਪੜੇ ਵਿੱਚ
ੲ. ਫੁੱਲਾਂ ਵਿੱਚ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**29. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਅਨੁਸਾਰ ਕਿਸ ਚੀਜ਼ ਉੱਪਰ ਚੋਟ ਲਾਉਣ ਲਈ ਕਿਹਾ ਗਿਆ ਹੈ?**

ੳ. ਢੋਲਕ ਉੱਪਰ | ਅ. ਨਗਾਰੇ ਉੱਪਰ
ੲ. ੳ ਅਤੇ ਅ ਦੋਵਾਂ ਉੱਪਰ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**30. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਆਏ ਸ਼ਬਦ 'ਛੈਲ' ਤੋਂ ਕੀ ਭਾਵ ਹੈ?**

ੳ. ਅਮੀਰ
ਅ. ਸੁੰਦਰ
ੲ. ਸੁਰਜਣ
ਸ. ਜਵਾਨ

**31. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਸੁਰਜਣਾ ਸ਼ਬਦ ਕਿਸ ਲਈ ਵਰਤਿਆ ਗਿਆ ਹੈ?**
ੳ. ਸਰਦਾਰ ਲਈ
ਅ. ਨਵਾਬ ਲਈ
ੲ. ਵਿਆਹੇ ਜਾਣ ਵਾਲ਼ੇ ਮੁੰਡੇ ਲਈ
ਸ. ਰਾਜੇ ਲਈ

**32. 'ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਅਨੁਸਾਰ ਵਿਆਹੇ ਜਾਣ ਵਾਲ਼ੇ ਮੁੰਡੇ ਦੀ ਘੋੜੀ ਕਿਸ ਚੀਜ਼ ਨਾਲ਼ ਸੋਹਣੀ ਲੱਗ ਰਹੀ ਹੈ?**
ੳ. ਕੈਂਠੇ ਨਾਲ਼
ਅ. ਜੁਗਨੀ ਨਾਲ਼
ੲ. ਕਲਗੀ ਨਾਲ਼
ਸ. ਕਾਠੀ ਨਾਲ਼

**33. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਅਨੁਸਾਰ ਵਿਆਹ ਵਾਲ਼ੇ ਮੁੰਡੇ ਨੇ ਕਿਸ ਦੇ ਘਰ ਢੁੱਕਣਾ ਹੈ?**
ੳ. ਨਵਾਬਾਂ ਦੇ
ਅ. ਸੁਰਜਣਾਂ ਦੇ
ੲ. ਰਾਜਿਆਂ ਦੇ
ਸ. ਪਹਿਲਵਾਨਾਂ ਦੇ

**34. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਆਏ ਸ਼ਬਦ 'ਜਾਮਾ' ਤੋਂ ਕੀ ਭਾਵ ਹੈ?**
ੳ. ਗਹਿਣਾ
ਅ. ਮੂੰਹ
ੲ. ਪਹਿਰਾਵਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ

**35. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਅਨੁਸਾਰ ਵਿਆਹੇ ਜਾਣ ਵਾਲ਼ੇ ਮੁੰਡੇ ਦਾ ਚੀਰਾ ਕਿਸ ਚੀਜ਼ ਨਾਲ਼ ਸੋਹਣਾ ਲੱਗ ਰਿਹਾ ਹੈ?**
ੳ. ਕੈਂਠੇ ਨਾਲ਼
ਅ. ਜੁਗਨੀਆਂ ਨਾਲ਼
ੲ. ਕਲਗੀਆਂ ਨਾਲ਼
ਸ. ਤਣੀਆਂ ਨਾਲ਼

**36. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਅਨੁਸਾਰ ਵਿਆਹੇ ਜਾਣ ਵਾਲ਼ੇ ਮੁੰਡੇ ਤੋਂ ਕੌਣ ਬਲਿਹਾਰ** ਜਾਂਦਾ ਹੈ?
ੳ. ਭੈਣ
ਅ. ਮਾਂ
ੲ. ਮਾਸੀ
ਸ. ਮਾਲਣ

**37. 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਆਏ ਸ਼ਬਦ 'ਉਮਰਾਵ' ਤੋਂ ਕੀ ਭਾਵ ਹੈ?**
ੳ. ਅਮੀਰ
ਅ. ਗ਼ਰੀਬ
ੲ. ਸੁਰਜਣ
ਸ. ਜਵਾਨ

**38. ''ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਸਿਹਰਾ ਕਿਸ ਦੇ ਸਿਰ 'ਤੇ ਸਜਾਇਆ ਜਾਣਾ ਹੈ?**
ੳ. ਘੋੜੀ ਦੇ
ਅ. ਵਿਆਹ ਵਾਲੇ ਮੁੰਡੇ ਦੇ
ੲ. ਸਰਵਾਲੇ ਦੇ
ਸ. ਉਪਰੋਕਤ ਵਿੱਚੋਂ ਕੋਈ ਨਹੀਂ

**39. ''ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਸ਼ਗਨਾਂ ਦਾ ਗਾਨਾ ਅਤੇ ਮਹਿੰਦੀ ਕਿਸ ਦੇ ਲਗਾਈ ਜਾਣੀ ਹੈ?**
ੳ. ਵਿਆਹ ਵਾਲ਼ੇ ਮੁੰਡੇ ਦੇ
ਅ. ਬੰਨੋ ਦੇ
ੲ. ਜੇਠ ਦੇ
ਸ. ਦਿਉਰ ਦੇ

**40. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਡੋਲ਼ਾ ਲਿਆਉਣ ਤੋਂ ਬਾਅਦ ਪਾਣੀ ਕਿਸ ਨੇ ਵਾਰ ਕੇ ਪੀਤਾ?**
ੳ. ਮਾਂ ਨੇ
ਅ. ਚਾਚੀ ਨੇ
ੲ. ਮਾਸੀ ਨੇ
ਸ. ਮਾਮੀ ਨੇ

**41. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਗਾਨੇ ਦੇ ਕਿੰਨੇ ਫੁੰਮਣ ਲੱਗੇ ਹੋਏ ਹਨ?**
ੳ. ਦੋ
ਅ. ਚਾਰ
ੲ. ਛੇ
ਸ. ਤਿੰਨ

**42. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਮਹਿੰਦੀ ਦਾ ਰੰਗ ਕਿਹੋ-ਜਿਹਾ ਹੈ?**
ੳ. ਲਾਲ
ਅ. ਸੂਹਾ ਲਾਲ
ੲ. ਗੂੜ੍ਹਾ ਲਾਲ
ਸ. ਫਿੱਕਾ ਲਾਲ

**43. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਸਿਹਰੇ ਦੇ ਕਿੰਨੀਆਂ ਲੜੀਆਂ ਲੱਗੀਆਂ ਹੋਈਆਂ ਹਨ?**

ੳ. ਦੋ
ਅ. ਛੇ
ੲ. ਚਾਰ
ਸ. ਤਿੰਨ

**44. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਕਿਹੜੀ ਜੋੜੀ ਬੰਨੜੇ ਦੇ ਨਾਲ਼ ਜਾ ਰਹੀ ਹੈ?**
ੳ. ਹਾਥੀਆਂ ਦੀ
ਅ. ਘੋੜਿਆਂ ਦੀ
ੲ. ਊਠਾਂ ਦੀ
ਸ. ਭਰਾਵਾਂ ਦੀ

**45. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਨਿੱਕੀ ਜਿਹੀ ਬੰਨੋ ਤੋਂ ਕੀ ਭਾਵ ਹੈ?**
ੳ. ਗਾਨਾ
ਅ. ਲਾੜੀ
ੲ. ਫੁੰਮਣ
ਸ. ਘੋੜੀ

**46. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਬੰਨੜੇ ਦੇ ਮੱਥੇ ਤੇ ਕੀ ਚਮਕ ਰਿਹਾ ਹੈ?**
ੳ. ਟਿੱਕਾ
ਅ. ਵਾਲ਼
ੲ. ਮਹਿੰਦੀ
ਸ. ਕਲਗੀ

**47. 'ਮੱਥੇ 'ਤੇ ਚਮਕਣ ਵਾਲ਼' ਘੋੜੀ ਵਿੱਚ ਕਿਸ ਤਰ੍ਹਾਂ ਦੀਆਂ ਲਾਂਵਾਂ ਲੈਣ ਦੀ ਗੱਲ ਕਹੀ ਗਈ ਹੈ?**
ੳ. ਚਾਰ ਲਾਂਵਾਂ
ਅ. ਸੱਤ ਲਾਂਵਾਂ
ੲ. ਸ਼ਗਨਾਂ ਦੀਆਂ ਲਾਂਵਾਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ

**48. 'ਨਿੱਕੀ ਨਿੱਕੀ ਬੂੰਦੀ' ਕਿਸ ਕਿਸਮ ਦਾ ਲੋਕ-ਗੀਤ ਹੈ?**
ੳ. ਸੁਹਾਗ
ਅ. ਘੋੜੀ
ੲ. ਸਿੱਠਣੀ
ਸ. ਢੋਲਾ

**49. 'ਨਿੱਕੀ ਨਿੱਕੀ ਬੂੰਦੀ' ਘੋੜੀ ਵਿੱਚ ਕਿਸ ਤਰ੍ਹਾਂ ਦਾ ਮੀਂਹ ਵਰ੍ਹ ਰਿਹਾ ਹੈ?**
ੳ. ਨਿੱਕੀ ਕਣੀ ਦਾ
ਅ. ਮੋਟੀ ਕਣੀ ਦਾ
ੲ. ਗੜਿਆਂ ਦਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ

**50. 'ਨਿੱਕੀ ਨਿੱਕੀ ਬੂੰਦੀ' ਘੋੜੀ ਵਿੱਚ ਸਭ ਤੋਂ ਪਹਿਲਾਂ ਸ਼ਗਨ ਕੌਣ ਕਰਦਾ ਹੈ?**
ੳ. ਮਾਂ
ਅ. ਚਾਚੀ
ੲ. ਭੈਣ
ਸ. ਮਾਮੀ

**51. 'ਨਿੱਕੀ ਨਿੱਕੀ ਬੂੰਦੀ' ਘੋੜੀ ਵਿੱਚ ਦੰਮਾਂ ਦੀ ਬੋਰੀ ਕਿਸ ਨੇ ਫੜ੍ਹੀ ਹੋਈ ਹੈ?**
ੳ. ਪਿਤਾ ਨੇ
ਅ. ਦਾਦੇ ਨੇ
ੲ. ਭਰਾ ਨੇ
ਸ. ਮਾਮੇ ਨੇ

**52. 'ਨਿੱਕੀ ਨਿੱਕੀ ਬੂੰਦੀ' ਘੋੜੀ ਵਿੱਚ ਹਾਥੀਆਂ ਦੇ ਸੰਗਲ ਕਿਸ ਨੇ ਫੜ੍ਹੇ ਹੋਏ ਹਨ?**
ੳ. ਮਾਮੇ ਨੇ
ਅ. ਦਾਦੇ ਨੇ
ੲ. ਭਰਾ ਨੇ
ਸ. ਪਿਤਾ ਨੇ

**53. 'ਨਿੱਕੀ ਨਿੱਕੀ ਬੂੰਦੀ' ਘੋੜੀ ਵਿੱਚ ਵਿਆਹ ਵਾਲ਼ਾ ਮੁੰਡਾ ਕਿਹੜੇ ਰੰਗ ਦੀ ਘੋੜੀ ਚੜ੍ਹ ਰਿਹਾ ਹੈ?**
ੳ. ਚਿੱਟੀ
ਅ. ਕਾਲ਼ੀ
ੲ. ਡੱਬ-ਖੜੱਬੀ
ਸ. ਨੀਲੀ

**54. 'ਨਿੱਕੀ ਨਿੱਕੀ ਬੂੰਦੀ' ਘੋੜੀ ਵਿੱਚ 'ਘੋੜੀ' ਕਿਹੜੀ ਦਾਲ਼ ਚਰ ਰਹੀ ਹੈ?**
ੳ. ਗੁਲਾਬੀ
ਅ. ਹਰੀ
ੲ. ਕਾਲ਼ੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ

**55. 'ਨਿੱਕੀ ਨਿੱਕੀ ਬੂੰਦੀ' ਘੋੜੀ ਵਿੱਚ ਘੋੜੀ ਦੀ ਵਾਗ ਕਿਸ ਨੇ ਫੜੀ ਹੋਈ ਹੈ?**
ੳ. ਮਾਂ ਨੇ
ਅ. ਭੈਣ ਨੇ
ੲ. ਭਰਾ ਨੇ
ਸ. ਪਿਤਾ ਨੇ

**56. 'ਨਿੱਕੀ ਨਿੱਕੀ ਬੂੰਦੀ' ਘੋੜੀ ਵਿੱਚ ਮੁੰਡੇ ਦੇ ਸੁਰਮਾ ਕੌਣ ਪਾ ਰਹੀ ਹੈ?**
ੳ. ਭਾਬੀ
ਅ. ਚਾਚੀ
ੲ. ਮਾਸੀ
ੲ. ਭੈਣ

**57. 'ਨਿੱਕੀ ਨਿੱਕੀ ਬੂੰਦੀ' ਘੋੜੀ ਵਿਆਹ ਦੇ ਕਿਹੜੇ ਮੌਕੇ ਨਾਲ਼ ਸੰਬੰਧਿਤ ਹੈ?**

ੳ. ਜੰਵ ਚੜ੍ਹਨ ਦੇ	ਅ. ਜੰਵ ਉਤਰਨ ਦੇ
ੲ. ਜੰਵ ਮੁੜਨ ਦੇ	ਸ. ਉਪਰੋਕਤ ਵਿੱਚੋਂ ਕੋਈ ਨਹੀਂ

**58. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਭੈਣਾਂ ਕਿਸ ਨੂੰ ਸ਼ਿੰਗਾਰਨ ਦੀ ਗੱਲ ਕਰਦੀਆਂ ਹਨ?**
ੳ. ਵਹੁਟੀ ਨੂੰ	ਅ. ਵੀਰ ਨੂੰ
ੲ. ਭਾਬੀ ਨੂੰ	ਸ. ਘੋੜੀ ਨੂੰ

**59. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਵਿਆਹ ਵਾਲ਼ੇ ਮੁੰਡੇ ਨੂੰ ਘੋੜੀ ਕੌਣ ਚੜ੍ਹਾ ਰਿਹਾ ਹੈ?**
ੳ. ਭਾਬੀਆਂ	ਅ. ਭਰਾ
ੲ. ਭੈਣਾਂ	ਸ. ਮਾਸੀਆਂ

**60. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਕਿਸ ਨੂੰ ਸੰਬੋਧਿਤ ਹੈ?**
ੳ. ਸੱਸ ਨੂੰ	ਅ. ਮਾਂ ਨੂੰ
ੲ. ਭੈਣ ਨੂੰ	ਸ. ਭਾਬੀ ਨੂੰ

**61. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਵੀਰ ਨੂੰ ਠੰਢੇ ਹੁਲਾਰੇ ਕੌਣ ਦੇ ਰਿਹਾ ਹੈ?**
ੳ. ਨਦੀ	ਅ. ਸਮੁੰਦਰ
ੲ. ਮੀਂਹ	ਸ. ਝੀਲ

**62. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਵੀਰ ਕਿਹੜੀਆਂ ਗਲ਼ੀਆਂ ਵਿੱਚੋਂ ਲੰਘ ਰਿਹਾ ਹੈ?**
ੳ. ਭੀੜੀਆਂ ਗਲ਼ੀਆਂ ਵਿੱਚੋਂ	ਅ. ਬੰਦ ਗਲ਼ੀਆਂ ਵਿੱਚੋਂ
ੲ. ਖੁੱਲ੍ਹੀਆਂ ਗਲ਼ੀਆਂ ਵਿੱਚੋਂ	ਸ. ਸਹੁਰੇ ਦੀਆਂ ਗਲ਼ੀਆਂ ਵਿੱਚੋਂ

**63. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਵੀਰ ਦੇ ਸਿਹਰੇ ਦੀਆਂ ਕਲੀਆਂ ਨੂੰ ਕੌਣ ਚੁੰਮ ਰਿਹਾ ਹੈ?**
ੳ. ਲਾੜੀ	ਅ. ਭਾਬੀ
ੲ. ਸੱਸ	ਸ. ਮਾਂ

**64. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਵੀਰ ਨੇ ਆਪਣਾ ਘੋੜਾ ਕਿੱਥੇ ਬੰਨ੍ਹਿਆ ਹੋਇਆ ਹੈ?**
ੳ. ਪਿੱਪਲ਼ ਹੇਠ	ਅ. ਫਲਾਹੀਂ ਹੇਠ
ੲ. ਜੰਡ ਹੇਠ	ਸ. ਨਿੰਮ ਹੇਠ

**65. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਸਤਿਗੁਰ ਨੇ ਕਿਹੜਾ ਕਾਜ ਸਵਾਰਿਆ ਹੈ?**
ੳ. ਵਿਆਹ ਦਾ	ਅ. ਜਨਮ ਦਾ
ੲ. ਮੰਗਣੇ ਦਾ	ਸ. ਰੋਕੇ ਦਾ

**66. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਵੀਰ ਕਿਹੋ-ਜਿਹੇ ਰਾਹਾਂ ਵਿੱਚੋਂ ਦੀ ਹੋ ਕੇ ਆਇਆ?**
ੳ. ਤੰਗ	ਅ. ਰੇਤਲੇ
ੲ. ਛੋਟੇ-ਛੋਟੇ	ਸ. ਲੰਮੇ-ਲੰਮੇ

**67. 'ਸਤਿਗੁਰਾਂ ਕਾਜ ਸਵਾਰਿਆ ਈ' ਘੋੜੀ ਵਿੱਚ ਆਏ ਸ਼ਬਦ 'ਫਲਾਹੀਂ' ਤੋਂ ਕੀ ਭਾਵ ਹੈ?**
ੳ. ਰੁੱਖ	ਅ. ਫ਼ਲ
ੲ. ਤਬੇਲਾ	ਸ. ਉਪਰੋਕਤ ਵਿੱਚੋਂ ਕੋਈ ਨਹੀਂ

**68. ਪ੍ਰਹਿਲਾਦ ਭਗਤ ਕਥਾ ਕਿਸ ਕਿਸਮ ਦੀ ਹੈ?**
ੳ. ਮਿੱਥ ਕਥਾ	ਅ. ਪਰੀ ਕਥਾ
ੲ. ਨੀਤੀ ਕਥਾ	ਸ. ਦੰਤ ਕਥਾ

**69. ਪ੍ਰਹਿਲਾਦ ਦੀ ਭੂਆ ਨੂੰ ਕਿਹੜਾ ਵਰ ਮਿਲ਼ਿਆ ਹੋਇਆ ਸੀ?**
ੳ. ਅਮਰ ਰਹਿਣ ਦਾ	ਅ. ਅੱਗ ਨਾਲ਼ ਨਾ ਸੜਨ ਦਾ
ੲ. ਬਹੁਤ ਸਾਰੀਆਂ ਸ਼ਕਤੀਆਂ ਦਾ	ਸ. ਨਰਸਿੰਘ ਦਾ

**70. ਪ੍ਰਹਿਲਾਦ ਨੂੰ ਥੰਮ੍ਹ ਉੱਪਰ ਕੀ ਤੁਰਦਾ ਨਜ਼ਰ ਆਇਆ?**
ੳ. ਮੱਕੜੀ	ਅ. ਕੀੜੀ
ੲ. ਮੱਛਰ	ਸ. ਮੱਖੀ

**71. ਪ੍ਰਹਿਲਾਦ ਕਿਸ ਨੂੰ ਸਰਬ ਸ਼ਕਤੀਮਾਨ ਮੰਨਦਾ ਸੀ?**

ੳ. ਹਰਨਾਖਸ਼ ਨੂੰ | ਅ. ਈਸ਼ਵਰ ਨੂੰ
ੲ. ਨਰਸਿੰਘ ਨੂੰ | ਸ. ਹੋਲਿਕਾ ਨੂੰ

**72. ਹਰਨਾਖਸ਼ ਨੇ ਵਰ ਪ੍ਰਾਪਤ ਕਰਨ ਲਈ ਕਿੱਥੇ ਜਾ ਕੇ ਤਪੱਸਿਆ ਕੀਤੀ?**
ੳ. ਬੈਕੁੰਠ ਵਿੱਚ | ਅ. ਹਿਮਾਲਿਆ ਪਰਬਤ ਤੇ
ੲ. ਧਰਤੀ 'ਤੇ | ਸ. ਦੇਵ ਲੋਕ ਵਿੱਚ

**73. ਪ੍ਰਹਿਲਾਦ ਭਗਤ ਕਥਾ ਅਨੁਸਾਰ ਵਰ ਕਿਸ ਲਈ ਸ੍ਰਾਪ ਬਣ ਗਿਆ ਸੀ?**
ੳ. ਹਰਨਾਖਸ਼ ਲਈ | ਅ. ਪਰਨਾਖਸ਼ ਲਈ
ੲ. ਹੋਲਿਕਾ ਲਈ | ਸ. ਜਲਾਦ ਲਈ

**74. ਹਰਨਾਖਸ਼ ਦਾ ਅੰਤ ਕਿਸ ਨੇ ਕੀਤਾ?**
ੳ. ਪ੍ਰਹਿਲਾਦ ਨੇ | ਅ. ਪਰਨਾਖਸ਼ ਨੇ
ੲ. ਨਰ ਸਿੰਘ ਨੇ | ਸ. ਹੋਲਿਕਾ ਨੇ

**75. ਹਰਨਾਖਸ਼ ਨੂੰ ਕਿੰਨੀ ਤਰ੍ਹਾਂ ਦੇ ਵਰ ਪ੍ਰਾਪਤ ਸਨ?**
ੳ. ਬਾਰਾਂ | ਅ. ਅੱਠ
ੲ. ਦਸ | ਸ. ਨੌਂ

**76. ਨਲ ਅਤੇ ਦਮਿਅੰਤੀ ਕਥਾ ਕਿਹੜੀ ਕਿਸਮ ਦੀ ਹੈ?**
ੳ. ਪਰੀ ਕਥਾ | ਅ. ਮਿੱਥ ਕਥਾ
ੲ. ਨੀਤੀ ਕਥਾ | ਸ. ਦੰਤ ਕਥਾ

**77. ਰਾਜੇ ਭੀਮ ਦੀ ਰਾਜਕੁਮਾਰੀ ਦਾ ਨਾਂ ਕੀ ਸੀ?**
ੳ. ਦਮਿਅੰਤੀ | ਅ. ਹੋਲਿਕਾ
ੲ. ਵਿਦਰਭ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**78. ਰਾਜਾ ਨਲ ਕਿਸ ਦੇ ਨਾਲ਼ ਜੂਆ ਖੇਡਣ ਲੱਗਾ?**
ੳ. ਵੀਰ ਸੈਨ ਨਾਲ਼ | ਅ. ਭੀਮ ਸੈਨ ਨਾਲ਼
ੲ. ਪੁਸ਼ਕਰ ਨਾਲ਼ | ਸ. ਰਿਤੂਪਰਣ ਨਾਲ਼

**79. ਦਮਿਅੰਤੀ ਨੇ ਕਿਸ ਦੇ ਰਾਹੀਂ ਰਾਜਾ ਨਲ ਨਾਲ਼ ਸੰਪਰਕ ਕੀਤਾ?**
ੳ. ਮਾਸੀ ਰਾਹੀਂ | ਅ. ਦਾਸੀ ਰਾਹੀਂ
ੲ. ਦੇਵਤੇ ਰਾਹੀਂ | ਸ. ਬ੍ਰਾਹਮਣ ਰਾਹੀਂ

**80. ਨਲ ਕਿਸ ਦੇਸ ਦਾ ਰਾਜਕੁਮਾਰ ਸੀ?**
ੳ. ਰੰਭਾ ਦੇਸ | ਅ. ਸੌਰਾਸਟਰ
ੲ. ਵਿਦਰਭ | ਸ. ਨਿਸਧ ਦੇਸ

**81. ਦਮਿਅੰਤੀ ਨੇ ਰਾਜਾ ਨਲ ਨੂੰ ਸਵੰਬਰ ਸਮੇਂ ਕਿਵੇਂ ਪਛਾਣਿਆ?**
ੳ. ਪਰਛਾਵੇ ਤੋ | ਅ. ਘਬਰਾਹਟ ਤੋ
ੲ. ਵਿਸ਼ੇਸ ਸ਼ਕਤੀ ਤੋ | ਸ. ਕੱਪੜਿਆਂ ਤੋਂ

**82. ਰਾਜਾ ਨਲ ਦੇ ਭਰਾ ਦਾ ਨਾਮ ਕੀ ਸੀ?**
ੳ. ਪੁਸ਼ਕਰ | ਅ. ਰਿਤੂਪਰਣ
ੲ. ਵੀਰਸੈਨ | ਸ. ਦਿਆਲ

**83. ਰਾਜਾ ਨਲ ਨੂੰ ਸਮੇਂ ਦੇ ਬੀਤਣ ਨਾਲ਼ ਕਿਹੜੀ ਲੱਤ ਲੱਗ ਗਈ?**
ੳ. ਸ਼ਰਾਬ ਪੀਣ ਦੀ | ਅ. ਨਸ਼ੇ ਦੀ
ੲ. ਜੂਆ ਖੇਡਣ ਦੀ | ਸ. ਮਾੜੀ ਸੰਗਤ ਕਰਨ ਦੀ

**84. ਰਾਜਾ ਰਿਤੂਪਰਣ ਦੇ ਰਾਜ ਵਿੱਚ ਨਲ ਨੂੰ ਕੀ ਕੰਮ ਕਰਨਾ ਪਿਆ?**
ੳ. ਪਸੂ ਚਾਰਨ ਦਾ | ਅ. ਖੱਲਾਂ ਲਾਹੁਣ ਦਾ
ੲ. ਘੋੜਿਆਂ ਦੇ ਵਾਹਕ ਵਜੋਂ | ਸ. ਵਪਾਰੀ ਵਜੋਂ

**85. ਦਮਿਅੰਤੀ ਨੇ ਸਵੰਬਰ ਕਿਉਂ ਰਚਾਇਆ?**

ੳ. ਪੁਸ਼ਕਰ ਨੂੰ ਲੱਭਣ ਲਈ
ਅ. ਨਲ ਨੂੰ ਲੱਭਣ ਲਈ
ੲ. ਆਪਣੀ ਖ਼ੁਸ਼ੀ ਲਈ
ਸ. ਵਿਆਹ ਦਾ ਚਾਅ ਸੀ

**86. ਨਲ ਅਤੇ ਦਮਿਅੰਤੀ ਦੀ ਖ਼ੁਸ਼ੀ ਕਿਸ ਤੋਂ ਬਰਦਾਸ਼ਤ ਨਾ ਹੋਈ?**
ੳ. ਕਲਯੁੱਗ ਤੋਂ
ਅ. ਪੁਸ਼ਕਰ ਤੋਂ
ੲ. ਵੀਰ ਸੈਨ ਤੋਂ
ਸ. ਦੇਵਤਿਆਂ ਤੋਂ

**87. ਨਲ ਅਤੇ ਦਮਿਅੰਤੀ ਕਥਾ ਅਨੁਸਾਰ ਅਜਗਰ ਨੂੰ ਕਿਸ ਨੇ ਮਾਰਿਆ?**
ੳ. ਦਮਿਅੰਤੀ ਨੇ
ਅ. ਰਾਜਾ ਨਲ ਨੇ
ੲ. ਸ਼ਿਕਾਰੀ ਨੇ
ਸ. ਪੁਸ਼ਕਰ ਨੇ

**88. ਦਮਿਅੰਤੀ ਦੇ ਸਵੰਬਰ ਵਿੱਚ ਕੌਣ-ਕੌਣ ਸ਼ਾਮਲ ਹੋਏ?**
ੳ. ਰਾਜੇ
ਅ. ਰਾਜ ਕੁਮਾਰ
ੲ. ਦੇਵਤੇ
ਸ. ੳ ਤੋਂ ੲ ਸਾਰੇ

**89. ਨਲ ਦੀ ਕਿਸ ਕੰਮ ਵਿੱਚ ਖ਼ਾਸ ਮੁਹਾਰਤ ਸੀ?**
ੳ. ਲੜਾਈ ਲੜਨ ਵਿੱਚ
ਅ. ਘੋੜੇ ਦੁੜਾਉਣ ਵਿੱਚ
ੲ. ਤੇਜ਼ ਦੌੜਨ ਵਿੱਚ
ਸ. ਜੂਆ ਖੇਡਣ ਵਿੱਚ

**90. ਦੇਵਤਿਆਂ ਨੇ ਕਿਸ ਦਾ ਰੂਪ ਧਾਰਨ ਕੀਤਾ ਹੋਇਆ ਸੀ?**
ੳ. ਨਲ ਦਾ
ਅ. ਪੁਸ਼ਕਰ ਦਾ
ੲ. ਵੀਰ ਸੈਨ ਦਾ
ਸ. ਰਾਜ ਕੁਮਾਰ ਦਾ

**91. ਪਰੀ-ਕਹਾਣੀਆਂ ਸੰਬੰਧਿਤ ਹੁੰਦੀਆਂ ਹਨ?**
ੳ. ਰਾਜੇ-ਮਹਾਰਾਜਿਆਂ ਨਾਲ਼
ਅ. ਪਰੀਆਂ ਨਾਲ਼
ੲ. ਭੂਤਾਂ-ਪ੍ਰੇਤਾਂ ਨਾਲ਼
ਸ. ਦੇਵੀ-ਦੇਵਤਿਆਂ ਨਾਲ਼

**92. ਸੁਦਾਗਰ ਦੀ ਪਤਨੀ ਨੇ ਸੁਦਾਗਰ ਨੂੰ ਕਿਹੜੇ ਰੰਗ ਦਾ ਕਮਲ ਦਿੱਤਾ?**
ੳ. ਨੀਲੇ ਰੰਗ ਦਾ
ਅ. ਚਿੱਟੇ ਰੰਗ ਦਾ
ੲ. ਲਾਲ ਰੰਗ ਦਾ
ਸ. ਗੇਰੂਏ ਰੰਗ ਦਾ

**93. ਸੁਦਾਗਰ ਦੀ ਪਤਨੀ ਨੂੰ ਸਭ ਤੋਂ ਪਹਿਲਾਂ ਰਾਜ-ਮਹਿਲ ਲਿਆਉਣ ਲਈ ਕੌਣ ਪਹੁੰਚਿਆ?**
ੳ. ਠੱਗ
ਅ. ਫਫੇ-ਕੁੱਟਣੀਆਂ
ੲ. ਵਜ਼ੀਰ
ਸ. ਰਾਜਾ

**94. ਸੁਦਾਗਰ ਦੀ ਪਤਨੀ ਦੀਆਂ ਕਿੰਨੀਆਂ ਦਾਸੀਆਂ ਸਨ?**
ੳ. ਦੋ
ਅ. ਤਿੰਨ
ੲ. ਚਾਰ
ਸ. ਉਪਰੋਕਤ ਵਿੱਚੋਂ ਕੋਈ ਨਹੀਂ

**95. ਰਾਜੇ ਨੇ ਸੁਦਾਗਰ ਨੂੰ ਕਿਹੜੀ ਚੀਜ਼ ਲਿਆਉਣ ਲਈ ਕਿਹਾ?**
ੳ. ਕੁਝ
ਅ. ਹੀਰੇ ਮੋਤੀ
ੲ. ਨੀਲ ਕਮਲ
ਸ. ਛੁਰੀ

**96. "ਮਹਾਰਾਜਾ, ਕਦੀ ਸਾਡੇ ਘਰ ਚਰਨ ਪਾਓ।" ਇਹ ਸ਼ਬਦ ਕਿਸ ਨੇ ਕਹੇ?**
ੳ. ਵਜ਼ੀਰ ਨੇ
ਅ. ਸੁਦਾਗਰ ਨੇ
ੲ. ਸੁਦਾਗਰ ਦੀ ਪਤਨੀ ਨੇ
ਸ. ਮੰਤਰੀ ਨੇ

**97. ਸੁਦਾਗਰ ਨੇ ਘਰੋਂ ਜਾਣ ਲੱਗਿਆ ਆਪਣੀ ਪਤਨੀ ਨੂੰ ਕੀ ਦਿੱਤਾ?**
ੳ. ਨੀਲ ਕਮਲ
ਅ. ਸੰਦੂਕੜੀ
ੲ. ਕੁੜਾ
ਸ. ਛੁਰੀ

**98. ਫਫੇ-ਕੁੱਟਣੀਆਂ ਕਿਹੜੇ ਰੰਗ ਦੇ ਕੱਪੜੇ ਪਾ ਕੇ ਤੁਰ ਪਈਆਂ।**
ੳ. ਨੀਲੇ
ਅ. ਸੁਰਮਈ
ੲ. ਗੇਰੂਏ
ਸ. ਕਾਲ਼ੇ

**99. ਸੁਦਾਗਰ ਦੀ ਪਤਨੀ ਨੇ ਠੱਗਾਂ ਨੂੰ ਕਿੱਥੇ ਡੱਕ ਦਿੱਤਾ।**

ੳ. ਹਵੇਲੀ　　　　ਅ. ਕੋਠੜੀ
ੲ. ਜਗ੍ਹਾ　　　　ਸ. ਥਾਂ

**100. ਸੁਦਾਗਰ ਦੀ ਪਤਨੀ ਕਮਲ ਦਾ ਫੁੱਲ ਕਿੱਥੋਂ ਤੋੜ ਕੇ ਲਿਆਈ?**
ੳ. ਹਵੇਲੀ ਵਿੱਚੋਂ　　　　ਅ. ਤਲਾਅ ਵਿੱਚੋਂ
ੲ. ਰਾਜ-ਮਹਿਲ ਵਿੱਚੋਂ　　　　ਸ. ਕੁਝੇ ਵਿੱਚੋਂ

**101. ਵਜ਼ੀਰ ਨੇ ਸੁਦਾਗਰ ਨੂੰ ਕਿੰਨੇ ਮਹੀਨੇ ਆਪਣੇ ਰਾਜ ਵਿੱਚ ਠਹਿਰਨ ਲਈ ਮਜਬੂਰ ਕਰ ਲਿਆ?**
ੳ. ਦੋ　　　　ਅ. ਤਿੰਨ
ੲ. ਚਾਰ　　　　ਸ. ਛੇ

**102. ਫਫੇ-ਕੁੱਟਣੀ ਨੇ ਸੁਦਾਗਰ ਦੀ ਪਤਨੀ ਨਾਲ਼ ਕੀ ਰਿਸ਼ਤਾ ਹੋਣ ਦੀ ਗੱਲ ਕਹੀ?**
ੳ. ਨਾਨੀ ਹੋਣ ਦਾ　　　　ਅ. ਨਾਨੀ ਦੀ ਭੈਣ ਹੋਣ ਦਾ
ਅ. ਨਾਨੀ ਦੀ ਗੁਆਂਢਣ ਹੋਣ ਦਾ　　　　ਸ. ਉਪਰੋਕਤ ਵਿੱਚੋਂ ਕੋਈ ਨਹੀਂ

**103. ਸੁਦਾਗਰ ਦੀ ਪਤਨੀ ਨੇ ਸਾਗ ਵਿੱਚ ਕੀ ਮਿਲ਼ਾਇਆ ਸੀ?**
ੳ. ਕੁਝ ਵੀ ਨਹੀਂ　　　　ਅ. ਗੁੜ
ੲ. ਭੰਗ　　　　ਸ. ਗੁੜ ਦਾ ਸ਼ੀਰਾ

**104. "ਮੈਂ ਤਾਂ ਤੁਹਾਨੂੰ ਕਦੀ ਵੇਖਿਆ ਨਹੀਂ।" ਇਹ ਸ਼ਬਦ ਕਿਸ ਨੇ ਕਹੇ?**
ੳ. ਵਜ਼ੀਰ ਨੇ　　　　ਅ. ਸੁਦਾਗਰ ਨੇ
ੲ. ਸੁਦਾਗਰ ਦੀ ਪਤਨੀ ਨੇ　　　　ਸ. ਫਫੇ-ਕੁੱਟਣੀ ਨੇ

**105. ਸਬਜ਼-ਪਰੀ ਕਿਹੜੀ ਕਿਸਮ ਦੀ ਕਥਾ ਹੈ?**
ੳ. ਮਿੱਥ-ਕਥਾ　　　　ਅ. ਪਰੀ-ਕਥਾ
ੲ. ਨੀਤੀ-ਕਥਾ　　　　ਸ. ਦੰਤ-ਕਥਾ

**106. ਮੀਰਜ਼ਾਦੇ ਦੇ ਕਿੰਨੇ ਭਰਾ ਸਨ?**
ੳ. ਦੋ　　　　ਅ. ਤਿੰਨ
ੲ. ਚਾਰ　　　　ਸ. ਛੇ

**107. ਮੀਰਜ਼ਾਦਾ ਕਿਸ ਦਾ ਪੁੱਤਰ ਸੀ?**
ੳ. ਰਾਜੇ ਦਾ　　　　ਅ. ਵਜ਼ੀਰ ਦਾ
ੲ. ਭਠਿਆਰਨ ਦਾ　　　　ਸ. ਮਾਲਣ ਦਾ

**108. ਮੀਰਜ਼ਾਦਾ ਪਰੀਆਂ ਦੇ ਦੇਸ ਕਿਵੇਂ ਪਹੁੰਚਿਆ?**
ੳ. ਘੋੜੇ ਉੱਤੇ ਬੈਠ ਕੇ　　　　ਅ. ਬੇੜੀ ਵਿੱਚ ਬੈਠ ਕੇ
ੲ. ਹੰਸ ਦੇ ਖੰਭਾਂ ਉਤੇ ਬੈਠ ਕੇ　　　　ਸ. ਉਪਰੋਕਤ ਵਿੱਚੋਂ ਕੋਈ ਨਹੀਂ

**109. ਸਬਜ਼-ਪਰੀ ਨੂੰ ਖੂਹ ਵਿੱਚ ਕਿਸ ਨੇ ਧੱਕਾ ਦਿੱਤਾ?**
ੳ. ਰਾਜੇ ਨੇ　　　　ਅ. ਮੀਰਜ਼ਾਦੇ ਨੇ
ੲ. ਮਾਲਣ ਨੇ　　　　ਸ. ਭਠਿਆਰਨ ਨੇ

**110. ਸਬਜ਼-ਪਰੀ ਨੇ ਮੀਰਜ਼ਾਦੇ ਨੂੰ ਕਿਸ ਰਾਹੀਂ ਲੱਭਿਆ?**
ੳ. ਹੰਸ ਰਾਹੀਂ　　　　ਅ. ਮਾਲਣ ਰਾਹੀਂ
ੲ. ਨੌਕਰਾਂ-ਚਾਕਰਾਂ ਰਾਹੀਂ　　　　ਸ. ਉਪਰੋਕਤ ਵਿੱਚੋਂ ਕੋਈ ਨਹੀਂ

**111. ਸਬਜ਼-ਪਰੀ ਨੇ ਵਿਆਹ ਤੋਂ ਬਾਅਦ ਕਿਹੋ-ਜਿਹੇ ਕੱਪੜੇ ਪਾਏ ਹੋਏ ਸਨ?**
ੳ. ਪਰੀਆਂ ਵਾਲ਼ੇ　　　　ਅ. ਇਨਸਾਨਾਂ ਵਾਲ਼ੇ
ੲ. ਸ਼ਹਿਜ਼ਾਦੀਆਂ ਵਾਲ਼ੇ　　　　ਸ. ਰਾਜਿਆਂ-ਮਹਾਰਾਜਿਆਂ ਵਾਲ਼ੇ

**112. ਬੇੜੀ ਡੁੱਬਣ ਤੋਂ ਬਾਅਦ ਮੀਰਜ਼ਾਦਾ ਕਿੱਥੇ ਜਾ ਪਹੁੰਚਿਆ?**
ੳ. ਰਾਜੇ ਕੋਲ਼　　　　ਅ. ਸਬਜ਼-ਪਰੀ ਦੇ ਕੋਲ਼
ੲ. ਭਠਿਆਰਨ ਦੇ ਘਰ　　　　ਸ. ਮਾਲਣ ਦੇ ਘਰ

**113. ਮੀਰਜ਼ਾਦੇ ਨੇ ਖੂਹ ਵਿੱਚ ਕੀ ਦੇਖਿਆ?**

ੳ. ਫੁੱਲ
ਅ. ਪਾਣੀ
ੲ. ਸਬਜ਼-ਪਰੀ ਨੂੰ
ਸ. ਮਾਲਣ ਨੂੰ

**114. "ਤੂੰ ਬੇਫ਼ਿਕਰ ਹੋ ਕੇ ਨਹਾ-ਧੋ ਲੈ, ਇੱਧਰ ਕੋਈ ਨਹੀਂ ਆਉਂਦਾ।" ਇਹ ਸ਼ਬਦ ਕਿਸ ਨੇ ਕਹੇ ਸਨ?**
ੳ. ਸਬਜ਼-ਪਰੀ ਨੇ
ਅ. ਮੀਰਜ਼ਾਦੇ ਨੇ
ੲ. ਮਾਲਣ ਨੇ
ਸ. ਉਪਰੋਕਤ ਵਿੱਚੋਂ ਕੋਈ ਨਹੀਂ

**115. ਇੱਕ ਪਰੀ ਨੇ ਦੂਜੀਆਂ ਪਰੀਆਂ ਨੂੰ ਕੀ ਨਸੀਹਤ ਦਿੱਤੀ?**
ੳ. ਆਦਮ-ਜ਼ਾਤ 'ਤੇ ਭਰੋਸਾ ਕਰਨ ਦੀ
ਅ. ਧਰਤੀ ਤੇ ਰਹਿਣ ਦੀ
ੲ. ਆਦਮ-ਜ਼ਾਤ 'ਤੇ ਭਰੋਸਾ ਨਾ ਕਰਨ ਦੀ
ਸ. ਪਰੀਆਂ ਦੇ ਦੇਸ ਰਹਿਣ ਦੀ

**116. 'Category' ਸ਼ਬਦ ਦਾ ਪੰਜਾਬੀ ਸਮਾਨਾਰਥੀ ਸ਼ਬਦ ਕੀ ਹੈ?**
ੳ. ਸ਼੍ਰੇਣੀ, ਵਰਗ
ਅ. ਵੰਨਗੀ
ੲ. ਕਿਸਮ
ਸ. ਭਾਂਤ

**117. 'Document' ਦਾ ਸਹੀ ਪੰਜਾਬੀ ਰੂਪ ਚੁਣੋ।**
ੳ. ਕਿਤਾਬ
ਅ. ਕਾਪੀ
ੲ. ਦਸਤਾਵੇਜ
ਸ. ਰਕਮ

**118. 'ਰੋਕੜ-ਵਹੀ' ਸ਼ਬਦ ਦਾ ਸਹੀ ਅੰਗਰੇਜ਼ੀ ਰੂਪ ਚੁਣੋ।**
ੳ. CASH BOOK
ਅ. CASHIER
ੲ. CASH MEMO
ਸ. BALANCE

**119. 'Employee' ਦਾ ਸਹੀ ਪੰਜਾਬੀ ਰੂਪ ਚੁਣੋ?**
ੳ. ਨਿਰਦੇਸ਼ਕ
ਅ. ਕਰਮਚਾਰੀ
ੲ. ਪਾਤਰਤਾ
ਸ. ਅਧਿਕਾਰੀ

**120. 'Estimate' ਦਾ ਸਹੀ ਪੰਜਾਬੀ ਰੂਪ ਚੁਣੋ?**
ੳ. ਅਨੁਮਾਨ
ਅ. ਮੁਲਾਂਕਣ
ੲ. ਗਬਨ
ਸ. ਮਿਸਲ

**121. 'ਮਾਣ-ਭੇਟਾ' ਦਾ ਸਹੀ ਅੰਗਰੇਜ਼ੀ ਰੂਪ ਚੁਣੋ?**
ੳ. Intimation
ਅ. Increment
ੲ. Honorarium
ਸ. Grant

**122. 'ਲਾਗੂ ਕੀਤਾ' ਦਾ ਸਹੀ ਅੰਗਰੇਜ਼ੀ ਰੂਪ ਚੁਣੋ?**
ੳ. Implemented
ਅ. For Disposal
ੲ. Entry
ਸ. Claim

**123. 'Efficiency Bar' ਦਾ ਸਹੀ ਪੰਜਾਬੀ ਰੂਪ ਚੁਣੋ?**
ੳ. ਅਨੁਮਾਨ
ਅ. ਮੁਲਾਂਕਣ
ੲ. ਨਿਪੁੰਨਤਾ-ਰੋਕ
ਸ. ਮਿਸਲ

**124. 'ਬੇਨਿਯਮੀ' ਦਾ ਸਹੀ ਅੰਗਰੇਜ਼ੀ ਰੂਪ ਚੁਣੋ?**
ੳ. Implemented
ਅ. Increment
ੲ. Intimation
ਸ. Irregularity

**125. 'Embezzlement' ਦਾ ਸਹੀ ਪੰਜਾਬੀ ਰੂਪ ਚੁਣੋ?**
ੳ. ਨਿਰਦੇਸ਼ਕ
ਅ. ਕਰਮਚਾਰੀ
ੲ. ਗਬਨ
ਸ. ਅਧਿਕਾਰੀ

**126. 'Evaluation' ਦਾ ਸਹੀ ਪੰਜਾਬੀ ਰੂਪ ਚੁਣੋ?**
ੳ. ਅਨੁਮਾਨ
ਅ. ਮਿਸਲ
ੲ. ਯੋਗਤਾ
ਸ. ਮੁਲਾਂਕਣ

**127. 'ਇੰਦਰਾਜ' ਦਾ ਸਹੀ ਅੰਗਰੇਜ਼ੀ ਰੂਪ ਚੁਣੋ?**

ੳ. Intimation | ਅ. Increment
ੲ. Entry | ਸ. Grant

**128. 'ਨਿਪਟਾਰੇ ਹਿੱਤ' ਦਾ ਸਹੀ ਅੰਗਰੇਜ਼ੀ ਰੂਪ ਚੁਣੋ?**

ੳ. Implemented | ਅ. For Disposal
ੲ. Honorarium | ਸ. Claim

**129. 'File' ਦਾ ਸਹੀ ਪੰਜਾਬੀ ਰੂਪ ਚੁਣੋ?**

ੳ. ਯੋਗਤਾ | ਅ. ਮਿਸਲ
ੲ. ਗਬਨ | ਸ. ਤੱਥ

**130. 'Enclosure' ਦਾ ਸਹੀ ਪੰਜਾਬੀ ਰੂਪ ਚੁਣੋ?**

ੳ. ਅਨੁਮਾਨ | ਅ. ਬੰਦ
ੲ. ਸਹਿ-ਪੱਤਰ | ਸ. ਮੁਲਾਂਕਣ

**131. 'ਅੰਤਰਦੇਸੀ ਪੱਤਰ' ਦਾ ਸਹੀ ਅੰਗਰੇਜ਼ੀ ਰੂਪ ਚੁਣੋ?**

ੳ. Intimation | ਅ. Increment
ੲ. Inland Letter | ਸ. In Time

**132. 'ਅਗੇਤੀ' ਦਾ ਸਹੀ ਅੰਗਰੇਜ਼ੀ ਰੂਪ ਚੁਣੋ?**

ੳ. Implemented | ਅ. For Disposal
ੲ. In Adiditon to | ਸ. In Advance

**133. 'ਸ਼ਾਖਾ-ਮੁਖੀ' ਦਾ ਸਹੀ ਅੰਗਰੇਜ਼ੀ ਰੂਪ ਚੁਣੋ?**

ੳ. Head clerk | ਅ. Head Ofifce
ੲ. Head Of The Branch | ਸ. None

**134. 'ਉੱਚਾ ਸਾਹ ਨਾ ਕੱਢਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਰੌਲਾ ਨਾ ਪਾਉਣਾ | ਅ. ਸਹਿਮ ਜਾਣਾ
ੲ. ਸਾਹ ਬੰਦ ਹੋਣਾ | ਸ. ਚੁੱਪ ਕਰਨਾ

**135. 'ਸਿਰ ਖੁਰਕਣ ਦੀ ਵਿਹਲ ਨਾ ਹੋਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਬਹੁਤ ਰੁੱਝੇ ਹੋਣਾ | ਅ. ਪ੍ਰੇਸ਼ਾਨ ਹੋਣਾ
ੲ. ਸੁਸਤ ਹੋਣਾ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**136. 'ਆਪਣੇ ਅੱਗੇ ਕੰਢੇ ਬੀਜਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਚੁੱਪ ਕਰਨਾ | ਅ. ਸਹਿਮ ਜਾਣਾ
ੲ. ਪ੍ਰੇਸ਼ਾਨ ਹੋਣਾ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**137. 'ਕਲਮ ਦੇ ਧਨੀ ਹੋਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਵੱਡਾ ਲਿਖਾਰੀ ਹੋਣਾ | ਅ. ਬਹੁਤ ਮਿਹਨਤੀ ਹੋਣਾ
ੲ. ਅਨਪੜ੍ਹ ਹੋਣਾ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**138. 'ਖੇਹ ਉਡਾਉਣੀ' ਮੁਹਾਵਰੇ ਦਾ ਕੀ ਅਰਥ ਹੈ?**

ੳ. ਸਫ਼ਾਈ ਕਰਨੀ | ਅ. ਮਿੱਟੀ ਪੁੱਟਣੀ
ੲ. ਬਦਨਾਮੀ ਕਰਨੀ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**139. 'ਗੱਚ ਭਰ ਆਉਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਗਿੱਲਾ ਹੋਣਾ | ਅ. ਤਬੀਅਤ ਖ਼ਰਾਬ ਹੋਣਾ
ੲ. ਦਿਲ ਭਰ ਆਉਣਾ | ਸ. ਉਪਰੋਕਤ ਵਿੱਚੋਂ ਕੋਈ ਨਹੀਂ

**140. 'ਜਿਉਣਾ ਦੁੱਭਰ ਹੋਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਔਖ ਨਾਲ਼ ਦਿਨ ਬਿਤਾਉਣੇ | ਅ. ਦਿਲ ਭਰ ਆਉਣਾ

ੲ. ਵਿਹਲੇ ਬੈਠਣਾ		ਸ. ਉਪਰੋਕਤ ਵਿੱਚੋਂ ਕੋਈ ਨਹੀਂ

**141. 'ਟੱਸ ਤੋਂ ਮੱਸ ਨਾ ਹੋਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਪ੍ਰੇਸ਼ਾਨ ਕਰਨਾ		ਅ. ਵਡਿਆਈ ਮਿਲ਼ਨਾ

ੲ. ਰਤਾ ਵੀ ਪਰਵਾਹ ਨਾ ਕਰਨਾ		ਸ. ਉਪਰੋਕਤ ਵਿੱਚੋਂ ਕੋਈ ਨਹੀਂ

**142. 'ਤਿਲ਼ ਧਰਨ ਨੂੰ ਥਾਂ ਨਾ ਹੋਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਬਹੁਤ ਭੀੜ ਹੋਣਾ		ਅ. ਲੋਹੜੀ ਮਨਾਉਣਾ

ੲ. ਡਰ ਜਾਣਾ		ਸ. ਪਾਜ ਉੱਗੜ ਜਾਣਾ

**143. 'ਫੁੱਲੇ ਨਾ ਸਮਾਉਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਬਹੁਤ ਖ਼ੁਸ਼ ਹੋਣਾ		ਅ. ਪਿਆਰ ਨਾਲ਼ ਰੱਖਣਾ

ੲ. ਮੋਟਾ ਹੋ ਜਾਣਾ		ਸ. ਪੇਟ ਫੁੱਲ ਜਾਣਾ

**144. ਤੁਹਾਡੀ ਪਾਠ ਪੁਸਤਕ ਵਿੱਚਲੇ ਪੱਤਰ ਕਿਸ ਨੂੰ ਲਿਖੇ ਜਾਂਦੇ ਹਨ?**

ੳ. ਸੰਪਾਦਕ ਨੂੰ		ਅ. ਪੱਤਰਕਾਰ ਨੂੰ

ੲ. ਪ੍ਰਿੰਸੀਪਲ ਨੂੰ		ਸ. ਡਿਪਟੀ ਕਮਿਸ਼ਨਰ ਨੂੰ

**145. ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਕਿੱਥੋਂ ਪ੍ਰਕਾਸ਼ਿਤ ਹੁੰਦਾ ਹੈ?**

ੳ. ਜਲੰਧਰ ਤੋਂ		ਅ. ਚੰਡੀਗੜ੍ਹ ਤੋਂ

ੲ. ਮੁਹਾਲੀ ਤੋਂ		ਸ. ਪਟਿਆਲ਼ੇ ਤੋਂ

**146. ਪੱਤਰ ਲਿਖਣ ਲੱਗਿਆਂ ਸੰਬੋਧਨੀ ਸ਼ਬਦ ਵਜੋਂ 'ਸ੍ਰੀਮਾਨ' ਸ਼ਬਦ ਕਿਸ ਲਈ ਵਰਤਿਆ ਜਾਂਦਾ ਹੈ?**

ੳ. ਔਰਤ ਲਈ		ਅ. ਪੁਰਸ਼ ਲਈ

ੲ. ੳ ਅਤੇ ਅ ਦੋਵਾਂ ਲਈ		ਸ. ਉਪਰੋਕਤ ਵਿੱਚੋਂ ਕੋਈ ਨਹੀਂ

**147. 'ਵਰ ਦੀ ਲੋੜ' ਦਾ ਇਸ਼ਤਿਹਾਰ ਕਿਸ ਦੇ ਵਿਆਹ ਲਈ ਦਿੱਤਾ ਜਾਂਦਾ ਹੈ?**

ੳ. ਮੁੰਡੇ ਦੇ ਵਿਆਹ ਲਈ		ਅ. ਕੁੜੀ ਦੇ ਵਿਆਹ ਲਈ

ੲ. ੳ ਅਤੇ ਅ ਦੋਵਾਂ ਲਈ		ਸ. ਉਪਰੋਕਤ ਵਿੱਚੋਂ ਕੋਈ ਨਹੀਂ

**148. 'ਜੀਵਨ ਦਾਨ' ਸ਼ਬਦ ਕਿਸ ਲਈ ਵਰਤਿਆ ਜਾਂਦਾ ਹੈ?**

ੳ. ਖ਼ੂਨਦਾਨ ਲਈ		ਅ. ਅੱਖਾਂ ਦਾਨ ਲਈ

ੲ. ਸਰੀਰ ਦਾਨ ਲਈ		ਸ. ਉਪਰੋਕਤ ਵਿੱਚੋਂ ਕੋਈ ਨਹੀਂ

**ਸਹੀ ਜਾਂ ਗ਼ਲਤ ਦੀ ਚੋਣ ਕਰੋ:**

1. ਚੜ੍ਹ ਚੁਬਾਰੇ ਸੁੱਤਿਆ ਮਾਮਾ, ਆਈ ਬਨੇਰੇ ਦੀ ਛਾਂ।
2. ਸੁਹਾਗ ਦੇ ਗੀਤ ਵਿਆਹ ਵਾਲ਼ੀ ਕੁੜੀ ਦੇ ਮਨੋਭਾਵਾਂ ਦੇ ਪ੍ਰਗਟਾਅ ਦਾ ਮਾਧਿਅਮ ਬਣਦੇ ਹਨ।
3. ਦੇਈਂ-ਦੇਈਂ ਵੇ ਬਾਬਲਾ ਸੁਹਾਗ ਵਿੱਚ ਕੁੜੀ ਇੱਕ ਖ਼ੁਸ਼ਹਾਲ ਘਰ ਬਾਰੇ ਕਾਮਨਾ ਕਰਦੀ ਹੈ।
4. ਸੁਹਾਗ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਨੂੰ ਜਨਮ ਤੋਂ ਹੀ ਭਾਗਾਂ ਵਾਲ਼ਾ ਦੱਸਿਆ ਜਾਂਦਾ ਹੈ।
5. ਹਰਿਆ ਨੀ ਮਾਲਣ ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਦੇ ਸਿਹਰੇ ਦਾ ਮੁੱਲ ਦੋ ਲੱਖ ਰੁਪਏ ਹੈ।
6. ਮੱਥੇ ਤੇ ਚਮਕਣ ਵਾਲ਼ ਘੋੜੀ ਵਿੱਚ ਵਿਆਹੇ ਜਾਣ ਵਾਲ਼ੇ ਮੁੰਡੇ ਦੇ ਸਿਹਰੇ ਦੀਆਂ ਛੇ ਲੜੀਆਂ ਹਨ।
7. ਮੱਥੇ ਤੇ ਚਮਕਣ ਵਾਲ਼ ਘੋੜੀ ਵਿੱਚ ਨਿੱਕੀ ਜਿਹੀ ਬੰਨੋ ਉਸ ਦੀ ਭਰਜਾਈ ਨੂੰ ਕਿਹਾ ਗਿਆ ਹੈ।
8. ਨਿੱਕੀ ਨਿੱਕੀ ਬੂੰਦੀ ਨਾਂ ਦੀ ਘੋੜੀ ਵਿੱਚ ਹਾਥੀਆਂ ਦਾ ਸੰਗਲ ਲਾੜੇ ਦੇ ਬਾਪ ਨੇ ਫੜਿਆ ਹੋਇਆ ਹੈ।
9. ਨਿੱਕੀ ਨਿੱਕੀ ਬੂੰਦੀ ਨਾਂ ਦੀ ਘੋੜੀ ਵਿੱਚ ਲਾੜਾ ਚਿੱਟੇ ਰੰਗ ਦੀ ਘੋੜੀ ਉੱਪਰ ਚੜ੍ਹ ਰਿਹਾ ਹੈ।
10. ਸਤਿਗੁਰਾਂ ਕਾਜ ਸਵਾਰਿਆਈ ਘੋੜੀ ਵਿੱਚ ਲਾੜੇ ਦੇ ਸਿਹਰੇ ਦੀਆਂ ਕਲੀਆਂ ਨੂੰ ਉਸ ਦੀ ਮਾਂ ਚੁੰਮ ਰਹੀ ਹੈ।
11. ਸਿੱਠਣੀਆਂ ਔਰਤਾਂ ਵੱਲੋਂ ਰਲ਼ ਕੇ ਦਿੱਤੀਆਂ ਜਾਂਦੀਆਂ ਹਨ।
12. ਸਿੱਠਣੀਆਂ ਵਿੱਚ ਮਜ਼ਾਕ ਦਾ ਪਾਤਰ ਲਾੜੀ ਅਤੇ ਉਸ ਦਾ ਪਰਿਵਾਰ ਬਣਦਾ ਹੈ।
13. ਟੱਪਾ ਲੋਕ-ਗੀਤ ਵਿਆਹ ਦੀਆਂ ਰਸਮਾਂ ਨਾਲ਼ ਹੀ ਸੰਬੰਧਿਤ ਹੈ।
14. ਟੱਪੇ ਨੂੰ ਇੱਕ ਤੁਕੀ ਜਾਂ ਇਕਹਿਰੀ ਬੋਲੀ ਵੀ ਕਿਹਾ ਜਾਂਦਾ ਹੈ।
15. ਬੋਲੀ ਦੀ ਆਖ਼ਰੀ ਤੁਕ ਨੂੰ ਟੱਪਾ ਕਿਹਾ ਜਾਂਦਾ ਹੈ।

16. ਪਿੰਡ ਤਾਂ ਸਾਡੇ ਬੋਲੀ ਵਿੱਚ ਬੋਲੀਕਾਰ ਪਰਮੇਸ਼ਰ ਦਾ ਨਾਂ ਲੈ ਕੇ ਗਿੱਧੇ ਵਿੱਚ ਵੜਦਾ ਹੈ।
17. 'ਪਿੰਡਾਂ ਵਿੱਚੋਂ ਪਿੰਡ ਸੁਣੀਂਦਾ' ਬੋਲੀ ਵਿੱਚ ਅੰਮ੍ਰਿਤਸਰ ਦੇ ਮੇਲੇ ਦਾ ਜ਼ਿਕਰ ਆਇਆ ਹੈ।
18. ਢੋਲਾ ਪੱਛਮੀ ਪੰਜਾਬ ਦਾ ਲੋਕ ਗੀਤ ਹੈ।
19. ਢੋਲੇ ਵਿੱਚ ਵਿਸ਼ੇਸ਼ ਛੰਦ ਦੀ ਵਰਤੋਂ ਕੀਤੀ ਜਾਂਦੀ ਹੈ।
20. ਬੁਝਾਰਤਾਂ ਲਈ ਸੰਬੋਧਨੀ ਸ਼ੈਲੀ ਵਰਤੀ ਜਾਂਦੀ ਹੈ।
21. ਪ੍ਰਹਿਲਾਦ ਭਗਤ ਨੂੰ 12 ਸਾਲ ਭੋਰੇ ਵਿੱਚ ਰੱਖਿਆ ਗਿਆ।
22. ਹੋਲਿਕਾ ਲਈ ਵਰ ਸ੍ਰਾਪ ਬਣ ਗਿਆ ਸੀ।
23. ਪੁਸ਼ਕਰ ਦੀ ਘੋੜੇ ਦੜਾਉਣ ਵਿੱਚ ਖ਼ਾਸ ਮੁਹਾਰਤ ਸੀ।
24. ਪਰੀ ਕਹਾਣੀਆਂ ਦਾ ਅੰਤ ਸੁਖਾਵਾਂ ਹੁੰਦਾ ਹੈ।
25. ਸੁਦਾਗਰ ਦੀ ਪਤਨੀ ਨੂੰ ਦੋ ਫਫੇ-ਕੁੱਟਣੀਆਂ ਅਤੇ ਦੋ ਠੱਗ ਲੈ ਕੇ ਜਾਣ ਲਈ ਆਏ।
26. ਇੱਕ ਫਫੇ-ਕੁੱਟਣੀ ਸੁਦਾਗਰ ਦੀ ਪਤਨੀ ਦੀ ਨਾਨੀ ਦੀ ਗੁਆਂਢਣ ਸੀ।
27. ਸਬਜ਼-ਪਰੀ ਨੇ ਵਿਆਹ ਲਈ ਹਾਂ ਕਰਨ ਲਈ ਰਾਜੇ ਕੋਲੋਂ ਇਕ ਸਾਲ ਦੀ ਮੁਹਲਤ ਮੰਗੀ।
28. ਮੀਰਜ਼ਾਦਾ ਆਪਣੀ ਭਰਜਾਈ ਦੀ ਭੈਣ ਨਾਲ਼ ਵਿਆਹ ਕਰਾਉਣ ਲਈ ਮੰਨ ਗਿਆ।
29. ਮਾਲਣ ਨੇ ਸਬਜ਼ ਪਰੀ ਨਾਲ਼ ਧੋਖਾ ਕੀਤਾ।
30. ਮੀਰਜ਼ਾਦੇ ਨੇ ਅਸਲੀਅਤ ਜਾਣਨ ਉਪਰੰਤ ਮਾਲਣ ਨੂੰ ਘਰੋਂ ਕੱਢ ਦਿੱਤਾ।
31. ਲਾਲਚੀ ਬੰਦਾ ਦੂਜਾ ਦੀਵਾ ਬਾਲ਼ ਕੇ ਉੱਤਰ ਦਿਸ਼ਾ ਵੱਲ ਚੱਲ ਪਿਆ।
32. ਲਾਲਚੀ ਆਦਮੀ ਬੁੱਢੇ ਦੀ ਗੱਲ ਸੁਣ ਕੇ ਹੱਸਣ ਲੱਗ ਪਿਆ।
33. ਪੂਰਨ ਲੂਣਾ ਤੋਂ ਮਾਂ ਵਾਲ਼ਾ ਆਸ਼ੀਰਵਾਦ ਚਾਹੁੰਦਾ ਸੀ।
34. ਗੋਰਖਨਾਥ ਨੇ ਪੂਰਨ ਨੂੰ ਖੂਹ ਵਿੱਚੋਂ ਪੌੜੀ ਨਾਲ਼ ਬਾਹਰ ਕੱਢ ਲਿਆ।
35. ਲੂਣਾ ਦੀ ਕੁੱਖੋਂ ਰਾਜਾ ਰਸਾਲੂ ਨੇ ਜਨਮ ਲਿਆ।
36. ਰਾਜਾ ਰਸਾਲੂ ਸ਼ੁਰੂ ਤੋਂ ਹੀ ਅਜ਼ਾਦ ਤਬੀਅਤ ਦਾ ਮਾਲਕ ਸੀ।
37. ਰਾਜਾ ਸਿਰਕੱਪ ਇੱਕ ਦਿਆਲੂ ਰਾਜਾ ਸੀ।
38. ਦੁੱਲਾ ਭੱਟੀ ਰਾਜਪੂਤ ਪਰਿਵਾਰ ਨਾਲ਼ ਸੰਬੰਧ ਰੱਖਦਾ ਸੀ।
39. ਦੁੱਲੇ ਭੱਟੀ ਨੂੰ ਦਿੱਲੀ ਲਿਜਾ ਕੇ ਫਾਂਸੀ ਦੇ ਦਿੱਤੀ ਗਈ।
40. ਪੀਲੂ ਦਾ ਲਿਖਿਆ ਹੋਇਆ ਕਿੱਸਾ ਹੀਰ-ਰਾਂਝਾ ਬਹੁਤ ਹਰਮਨ ਪਿਆਰਾ ਹੋਇਆ।
41. ਇੱਕ ਰਿਵਾਇਤ ਅਨੁਸਾਰ ਹੀਰ ਤੇ ਰਾਂਝਾ ਸੁਖੀ-ਸੁਖੀ ਵੱਸਣ ਲੱਗੇ।
42. ਮਿਰਜੇ ਦੇ ਬਚਪਨ ਸਮੇਂ ਹੀ ਉਸਦੀ ਮਾਂ ਦੀ ਮੌਤ ਹੋ ਗਈ ਸੀ।
43. ਮਿਰਜਾ ਸਾਂਦਲ ਬਾਰ ਦਾ ਜੰਮ-ਪਲ ਸੀ।
44. 'Audit' ਦਾ ਪੰਜਾਬੀ ਅਨੁਵਾਦ **ਲੇਖਾ-ਪੜਤਾਲ** ਹੈ।
45. 'Bi-annual' ਦਾ ਪੰਜਾਬੀ ਅਨੁਵਾਦ **ਵਾਰਸ਼ਿਕ** ਹੈ।
46. 'Estimate' ਦਾ ਪੰਜਾਬੀ ਅਨੁਵਾਦ **ਅਨੁਮਾਨ** ਹੈ।

## ਖ਼ਾਲੀ ਥਾਂਵਾਂ ਭਰੋ:

1. ਤੇਰਾ ਹੋਵੇਗਾ ਵੱਡੜਾ ਜਸ, ..................ਤੁਕ ਪੂਰੀ ਕਰੋ।
2. ਚੜ੍ਹ ਚੁਬਾਰੇ ਸੁੱਤਿਆ ਬਾਬਲ..................ਤੁਕ ਪੂਰੀ ਕਰੋ।
3. ਸਾਡਾ ਚਿੜੀਆਂ ਦਾ ਚੰਬਾ ਵੇ..................ਤੁਕ ਪੂਰੀ ਕਰੋ।
4. ਮੈਂ ਬਲਿਹਾਰੀ ਵੇ ਮਾਂ ਦਿਆ..................ਤੁਕ ਪੂਰੀ ਕਰੋ।
5. ਮੱਥੇ 'ਤੇ ਚਮਕਣ ਵਾਲ਼..................ਤੁਕ ਪੂਰੀ ਕਰੋ।
6. ਇੱਕ ਲੱਖ ਚੰਬਾ ਦੋ ਲੱਖ ਮਰੂਆ..................ਤੁਕ ਪੂਰੀ ਕਰੋ।
7. ਸਭ ਗੈਸ ਬੁਝਾ ਜਾ ਦਿਓ ਜੀ ..................ਤੁਕ ਪੂਰੀ ਕਰੋ।
8. ਜਾਂਵੀਆਂ ਨੂੰ ਖਲ ਕੁੱਟ ਦਿਓ...............ਤੁਕ ਪੂਰੀ ਕਰੋ।
9. ਉੱਥੇ ਅਮਲਾਂ ਦੇ ਹੋਣਗੇ ਨਿਬੇੜੇ..................ਤੁਕ ਪੂਰੀ ਕਰੋ।

10. ਪੁੱਤ ਵੀਰ ਦਾ ਭਤੀਜਾ ਮੇਰਾ ..................ਤੁਕ ਪੂਰੀ ਕਰੋ।
11. ਭੈਣਾਂ ਵਰਗਾ ਸਾਕ ਨਾ ਕੋਈ..................ਤੁਕ ਪੂਰੀ ਕਰੋ।
12. ਸਾਡੇ ਪਿੰਡ ਦੇ ਮੁੰਡੇ ਵੇਖ ਲਓ...............ਬੋਲੀ ਪੂਰੀ ਕਰੋ।
13. ਦੇਸ ਮੇਰੇ ਦੇ ਬਾਂਕੇ ਗੱਭਰੂ..................ਤੁਕ ਪੂਰੀ ਕਰੋ।
14. ਕੋਠੇ 'ਤੇ ਕਾਂ ਬੋਲੇ ਚਿੱਠੀ ਮੇਰੇ ਮਾਹੀਏ ਦੀ.... ..................ਤੁਕ ਪੂਰੀ ਕਰੋ।
15. ਇੱਕ ਜਾਨਵਰ ਐਸਾ..................ਤੁਕ ਪੂਰੀ ਕਰੋ।
16. ਸਾਵਣ ਭਾਦੋਂ ਬਹੁਤ ਚਲਤ ਹੈ, ..................ਤੁਕ ਪੂਰੀ ਕਰੋ।
17. ਦੇਵਤਿਆਂ ਦੇ ਸ਼ਰਾਪ ਕਾਰਨ ਹਰਨਾਖਸ਼ ਨੂੰ ......... ਵਿੱਚੋਂ ਨਿਕਲ਼ਨਾ ਪਿਆ।
18. ਪਾਂਧੇ ਨੇ ਪ੍ਰਹਿਲਾਦ ਦੀ ......... ਕੋਲ਼ ਸ਼ਿਕਾਇਤ ਕੀਤੀ।
19. ਹੋਲਿਕਾ ਹਰਨਾਖਸ਼ ਦੀ ......... ਦੂਰ ਕਰਨਾ ਚਾਹੁੰਦੀ ਸੀ।
20. ......... ਨਰ ਸਿੰਘ ਦੇ ਰੂਪ ਵਿੱਚ ਆ ਪ੍ਰਗਟ ਹੋਇਆ।
21. ਨਲ ......... ਦੇਸ ਦੇ ਰਾਜੇ ਦਾ ਪੁੱਤਰ ਸੀ।
22. ਕਈ ਦੇਵਤਿਆਂ ਨੇ ......... ਦਾ ਰੂਪ ਧਾਰਨ ਕੀਤਾ ਹੋਇਆ ਸੀ।
23. ਰਿਤੂਪਰਣ ......... ਖੇਡਣ ਵਿੱਚ ਬਹੁਤ ਮਾਹਰ ਸੀ।
24. ਵਜ਼ੀਰ ਨੇ ਸੁਦਾਗਰ ਨੂੰ .........ਹੋਰ ਆਪਣੇ ਰਾਜ ਵਿੱਚ ਠਹਿਰਣ ਲਈ ਮਜਬੂਰ ਕਰ ਲਿਆ।
25. ਸੁਦਾਗਰ ਦੇ ਸਿਰ ’ਤੇ ......... ਬਣਨ ਦਾ ਭੂਤ ਸਵਾਰ ਸੀ।
26. ਠੱਗ ......... ਭੇਸ ਧਾਰ ਕੇ ਸੁਦਾਗਰ ਦੀ ਪਤਨੀ ਕੋਲ਼ ਪਹੁੰਚੇ।
27. ਸੁਦਾਗਰ ਦੀ ਪਤਨੀ ਨੇ ਠੋਡੀ ਵਾਲ਼ਾ ਤਿਲ ..........ਨਾਲ਼ ਬਣਾਇਆ ਹੋਇਆ ਸੀ।
28. ਮੀਰਜ਼ਾਦੇ ਦੀ ਭਰਜਾਈ ਉਸ ਦਾ ਰਿਸ਼ਤਾ ............ ਨਾਲ਼ ਕਰਵਾਉਣਾ ਚਾਹੁੰਦੀ ਸੀ।
29. ਸਬਜ਼-ਪਰੀ ਦੇ ਦੇਸ ਬਾਰੇ .......... ਨੂੰ ਪਤਾ ਸੀ।
30. ਮੀਰਜ਼ਾਦਾ ਕਹਿਣ ਲੱਗਾ, “ਮੈਂ ਹੁਣ ......... ਨਾਲ਼ ਹੀ ਵਿਆਹ ਕਰਵਾਵਾਂਗਾ।”
31. ਮੀਰਜ਼ਾਦੇ ਨੇ ਦਰਿਆ ਦੇ ਕੰਢੇ ਤੋਂ ਪਰੀਆਂ ਦੇ ......... ਚੁੱਕ ਲਏ।
32. ਲਾਲਚੀ ਬੰਦਾ ਤੀਜਾ ਦੀਵਾ ਬਾਲ਼ ਕੇ ......... ਦਿਸ਼ਾ ਵੱਲ ਚੱਲ ਪਿਆ।
33. ਚੌਥਾ ਦੀਵਾ ਇੱਕ ......... ਕੋਲ਼ ਜਾ ਕੇ ਬੁਝ ਗਿਆ।
34. ਸਿਆਲ਼ਕੋਟ ਦੇ ਰਾਜੇ ਸਲਵਾਨ ਦੀਆਂ ......... ਰਾਣੀਆਂ ਸਨ।
35. ਪੂਰਨ ਦਾ ਸਤਿ ਤੇ ਤੇਜ ਦੇਖ ਕੇ ......... ਜੈ ਜੈ ਕਾਰ ਕਰਨ ਲੱਗੇ।
36. ਜੋਗੀ ਚਲਦੇ ਭਲੇ ...........................।
37. ਸਲਵਾਨ ਦੇ ਘਰ ਰਾਣੀ ਲੂਣਾਂ ਦੀ ਕੁੱਖੋਂ ......... ਦਾ ਜਨਮ ਹੋਇਆ।
38. ਰਾਜੇ ਸਿਰਕੱਪ ਦੇ ਘਰ ......... ਨੇ ਜਨਮ ਲਿਆ।
39. ਦੁੱਲੇ ਦਾ ਚਾਚਾ ......... ਉਸ ਨਾਲ਼ ਵੈਰ ਰੱਖਦਾ ਸੀ।
40. ......... ਅਤੇ ਸ਼ਹਿਜ਼ਾਦਾ ਸਲੀਮ ਇੱਕੋ ਮਾਂ ਦਾ ਦੁੱਧ ਚੁੰਘ ਕੇ ਪਲ਼ੇ।
41. ਹੀਰ ਦੇ ਸਹੁਰੇ ਘਰ ਉਸ ਦੀ ਇੱਕ ਨਨਾਣ ......... ਸੀ।
42. ਹੀਰ ਦਾ ਵਿਆਹ ਰੰਗਪੁਰ ਖੇੜਿਆਂ ਦੇ ......... ਨਾਲ਼ ਕਰ ਦਿੱਤਾ।
43. ਮਿਰਜ਼ਾ ਅਤੇ ਸਾਹਿਬਾਂ ......... ਵਿੱਚ ਇਕੱਠੇ ਪੜ੍ਹਦੇ ਸਨ।
44. ......... ਨੇ ਮਿਰਜ਼ੇ ਦਾ ਤੀਰਾਂ ਵਾਲ਼ਾ ਭੱਥਾ ਅਤੇ ਕਮਾਨ ਜੰਡ ਉੱਤੇ ਟੰਗ ਦਿੱਤੇ।
45. ‘Nominated’ ਦਾ ਪੰਜਾਬੀ ਅਨੁਵਾਦ .....................ਹੈ।
46. Probation’ ਦਾ ਪੰਜਾਬੀ ਅਨੁਵਾਦ .....................ਹੈ।
47. ‘Reminder’ ਦਾ ਪੰਜਾਬੀ ਅਨੁਵਾਦ .....................ਹੈ।
48. ‘Accord’ ਦਾ ਪੰਜਾਬੀ ਅਨੁਵਾਦ .....................ਹੈ।
49. ‘Barter’ ਦਾ ਪੰਜਾਬੀ ਅਨੁਵਾਦ .....................ਹੈ।
50. ‘Creche ਦਾ ਪੰਜਾਬੀ ਅਨੁਵਾਦ .....................ਹੈ।
51. ‘Galaxy’ ਦਾ ਪੰਜਾਬੀ ਅਨੁਵਾਦ .....................ਹੈ।

52. 'Lease' ਦਾ ਪੰਜਾਬੀ ਅਨੁਵਾਦ ....................ਹੈ।